On our English language New Website

WWW.PREETNEWS.COM

preetnews2020 @gmail.com

PREETNAMA
ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180 +1 917-328-8436
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180 +1 917-328-8436

ਉਮੀਦ ਉਹ ਵਿਸ਼ਵਾਸ਼ ਹੈ ਜੋ ਕਾਮਯਾਬੀ ਵੱਲ ਲੈ ਜਾਂਦਾ ਹੈ, ਉਮੀਦ ਅਤੇ ਵਿਸ਼ਵਾਸ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ ਹੈ।
-ਹੈਲੈਨ ਕੇਲਰ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 200, ਮਿਤੀ : 5 ਮਈ ਤੋਂ 11 ਮਈ 2023 ਵੈਬਸਾਈਟ : www.preetnama.com ਈਮੇਲ preetnamausa@gmail.com

ਪਾਕਿਸਤਾਨ ਵਿੱਚ ਫੌਜੀ ਟਿਕਾਣਿਆਂ 'ਚ ਹੋਈ ਭੰਨ-ਤੋੜ

ਇਮਰਾਨ ਖਾਨ ਨੂੰ ਕੀਤਾ ਗ੍ਰਿਫ਼ਤਾਰ

ਹਾਈ ਕੋਰਟ ਨੇ ਇਮਰਾਨ ਦੀ ਗ੍ਰਿਫ਼ਤਾਰੀ ਨੂੰ ਦੱਸਿਆ ਕਾਨੂੰਨੀ

ਇਸਲਾਮਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਆਮਿਰ ਫਾਰੂਕ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਦਾਲਤ ਪਰਿਸਰ ਤੋਂ ਹੋਈ ਗ੍ਰਿਫ਼ਤਾਰੀ ਨੂੰ ਕਾਨੂੰਨੀ ਕਰਾਰ ਦਿੱਤਾ ਹੈ।

ਇਮਰਾਨ ਦੀ ਪਾਰਟੀ ਦੇ ਆਗੂਆਂ ਨੇ ਇਸ ਫੈਸਲੇ ਦੀ ਨਿਦਾ ਕੀਤੀ ਹੈ ਅਤੇ ਇਸ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਦੀ ਗੱਲ ਆਖੀ ਹੈ।

ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਆਗੂ ਫਵਾਦ ਚੌਧਰੀ ਨੇ ਕਿਹਾ ਹੈ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਇਸਲਾਮਾਬਾਦ ਹਾਈ ਕੋਰਟ ਨੇ ਇਮਰਾਨ ਖ਼ਾਨ ਦੀ ਗ੍ਰਿਫਤਾਰੀ ਨੂੰ ਕਾਨੂੰਨੀ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਮਰਾਨ ਖ਼ਾਨ ਦੀ ਅਗਾਊਂ ਜ਼ਮਾਨਤ 'ਤੇ ਫੈਸਲਾ ਦਿੱਤੇ ਬਿਨਾਂ ਗ੍ਰਿਫ਼ਤਾਰੀ ਗੈਰ-ਕਾਨੂੰਨੀ ਹੈ ਅਤੇ ਅਸੀਂ ਇਸ ਫੈਸਲੇ ਨੂੰ ਸਵੇਰੇ ਸੁਪਰੀਮ ਕੋਰਟ 'ਚ ਚੁਣੌਤੀ ਦੇਣ ਜਾ ਰਹੇ ਹਾਂ।

ਆਈਜੀ ਇਸਲਾਮਾਬਾਦ ਨੇ ਇਕ ਬਿਆਨ 'ਚ ਕਿਹਾ ਹੈ ਕਿ ਇਮਰਾਨ ਖ਼ਾਨ ਨੂੰ ਅਲ-ਕਾਦਿਰ ਟਰੱਸਟ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਤੋਂ ਬਾਅਦ ਰਾਜਧਾਨੀ ਇਸਲਾਮਾਬਾਦ 'ਚ ਹਾਲਾਤ 'ਆਮ' ਹਨ।

ਇਸਲਾਮਾਬਾਦ ਪੁਲਿਸ ਦਾ ਕਹਿਣਾ ਹੈ ਕਿ ਧਾਰਾ 144 ਲਾਗੂ ਹੈ। ਉਲੰਘਣਾ ਕਰਨ 'ਤੇ ਕਾਰਵਾਈ ਕੀਤੀ ਜਾਵੇਗੀ।'

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਗਿਰਫਤਾਰੀ ਤੋਂ ਬਾਅਦ ਲਾਹੌਰ, ਰਾਵਲਪਿੰਡੀ ਸਣੇ ਕਈ ਹੋਰ ਥਾਵਾਂ 'ਤੇ ਤਣਾਅ ਬਣਿਆ ਹੋਇਆ ਹੈ। ਇਸ ਦੌਰਾਨ ਇਮਰਾਨ ਦੇ ਸਮਰਥਕਾਂ ਦੁਆਰਾ ਸਰਕਾਰੀ ਇਮਾਰਤਾਂ ਸਣੇ ਕਈ ਥਾਵਾਂ 'ਤੇ ਅੱਗਜ਼ਨੀ ਕੀਤੀ ਹੈ।

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਚੇਅਰਮੈਨ ਇਮਰਾਨ ਖ਼ਾਨ ਨੂੰ 9 ਮਈ ਨੂੰ ਇਸਲਾਮਾਬਾਦ ਹਾਈ ਕੋਰਟ ਦੇ ਬਾਹਰੋਂ ਸੁਰੱਖਿਆ ਬਲਾਂ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੀ ਪਾਰਟੀ ਪੀਟੀਆਈ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਪੀਟੀਆਈ ਲੀਡਰਸ਼ਿਪ ਦੀ ਐਮਰਜੈਂਸੀ ਬੈਠਕ

ਦੇਰ ਰਾਤ ਹੋਈ ਪੀਟੀਆਈ ਲੀਡਰਸ਼ਿਪ ਨੇ ਆਪਣੀ ਐਮਰਜੈਂਸੀ ਬੈਠਕ ਵਿੱਚ ਪਾਕਿਸਤਾਨ ਰੇਂਜਰਾਂ ਦੇ ਹਥਿਆਰਬੰਦ ਅਰਧ ਸੈਨਿਕ ਬਲਾਂ ਦੁਆਰਾ ਆਪਣੀ ਪਾਰਟੀ ਦੇ ਪ੍ਰਧਾਨ ਇਮਰਾਨ ਖ਼ਾਨ ਦੀ ਹਾਈ ਕੋਰਟ ਪਰਿਸਰ ਤੋਂ ਹੋਈ ਗ੍ਰਿਫ਼ਤਾਰੀ ਦੀ ਨਿੰਦਾ ਕੀਤੀ ਹੈ।

ਪੀਟੀਆਈ ਦੇ ਵਾਈਸ ਚੇਅਰਮੈਨ ਸ਼ਾਹ ਮਹਿਮੂਦ ਕੁਰੈਸ਼ੀ ਨੇ ਇਸ ਐਮਰਜੈਂਸੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਜਿਸ ਵਿੱਚ ਕੇਂਦਰੀ ਆਗੂਆਂ ਅਤੇ ਐਮਰਜੈਂਸੀ ਕਮੇਟੀ ਦੇ ਮੈਂਬਰਾਂ ਨੇ ਹਿੱਸਾ ਲਿਆ ਅਤੇ ਇਸ ਦੌਰਾਨ ਫੈਸਲੇ ਹੋਏ:

ਚੇਅਰਮੈਨ ਇਮਰਾਨ ਖ਼ਾਨ ਦੀ ਰਿਹਾਈ ਤੱਕ ਦੇਸ਼ ਭਰ ਵਿੱਚ ਸ਼ਾਂਤੀਪੂਰਨ ਪ੍ਰਦਰਸ਼ਨ ਜਾਰੀ ਰਹੇਗਾ

ਇਸਲਾਮਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ

ਲੀਡਰਸ਼ਿਪ ਅਤੇ ਵਰਕਰ ਸਵੇਰੇ 8 ਵਜੇ ਇਸਲਾਮਾਬਾਦ ਦੇ ਨਿਆਂਇਕ ਕੰਪਲੈਕਸ ਵਿੱਚ ਇਕੱਠੇ ਹੋਣਗੇ

ਗ੍ਰਿਫ਼ਤਾਰੀ 'ਤੇ ਐੱਨਏਬੀ ਦਾ ਬਿਆਨ

ਐੱਨਏਬੀ ਨੇ ਇਮਰਾਨ ਖ਼ਾਨ ਦੀ ਗ੍ਰਿਫਤਾਰੀ 'ਤੇ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਐੱਨਏਬੀ ਆਰਡੀਨੈਂਸ ਅਤੇ ਕਾਨੂੰਨ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਐੱਨਏਬੀ ਨੇ ਆਪਣੇ ਬਿਆਨ ਵਿੱਚ ਕਿਹਾ ਹੈ, ਐੱਨਏਬੀ ਹੈੱਡਕੁਆਰਟਰ ਰਾਵਲਪਿੰਡੀ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਅਲ-ਕਾਦਿਰ ਯੂਨੀਵਰਸਿਟੀ ਟਰੱਸਟ ਵਿੱਚ ਘੁਟਾਲੇ ਲਈ ਗ੍ਰਿਫ਼ਤਾਰ ਕੀਤਾ ਹੈ।

ਬਿਆਨ ਮੁਤਾਬਕ ਐੱਨਏਬੀ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਨੋਟਿਸ ਦਿੱਤਾ ਸੀ, ਜਿਸ ਦਾ ਇਮਰਾਨ ਖ਼ਾਨ ਨੇ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ।ਨੈਸ਼ਨਲ ਅਕਾਊਂਟੇਬਿਲਟੀ ਬਿਊਰੋ ਯਾਨਿ ਐੱਨਏਬੀ ਪਾਕਿਸਤਾਨ ਵਿੱਚ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਕਰਦੀ ਹੈ। ਪਾਕਿਸਤਾਨ ਦੀ ਮੀਡੀਆ ਰਿਪੋਰਟਾਂ ਮੁਤਾਬਕ ਇਮਰਾਨ ਖ਼ਾਨ ਨੂੰ ਹਿਰਾਸਤ 'ਚ ਲੈਣ ਤੋਂ ਬਾਅਦ ਐੱਨਏਬੀ ਦਫ਼ਤਰ ਭੇਜ ਦਿੱਤਾ ਗਿਆ ਹੈ।ਇਮਰਾਨ ਖ਼ਾਨ ਕਿਸੇ ਹੋਰ ਮਾਮਲੇ 'ਚ ਜ਼ਮਾਨਤ ਲੈਣ ਲਈ ਅਦਾਲਤ 'ਚ ਪੇਸ਼ ਹੋਏ ਸਨ ਪਰ ਉਨ੍ਹਾਂ ਨੂੰ ਕਿਸੇ ਹੋਰ ਮਾਮਲੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਕੀ ਹੈ ਅਲ-ਕਾਦਿਰ ਟਰੱਸਟ ਕੇਸ

ਅਲ-ਕਾਦਿਰ ਯੂਨੀਵਰਸਿਟੀ ਜ਼ਮੀਨ ਕੇਸ ਇਮਰਾਨ ਖ਼ਾਨ ਅਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਖ਼ਿਲਾਫ਼ ਕਥਿਤ ਭ੍ਰਿਸ਼ਟਾਚਾਰ ਦਾ ਮਾਮਲਾ ਹੈ।

5 ਮਈ, 2019 ਨੂੰ, ਤਤਕਾਲੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਜਿਹਲਮ, ਜ਼ਿਲ੍ਹਾ ਪੰਜਾਬ ਵਿੱਚ ਅਲ-ਕਾਦਿਰ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਸੀ।

ਇਮਰਾਨ ਖ਼ਾਨ 'ਤੇ ਯੂਨੀਵਰਸਿਟੀ ਦੇ ਨਾਂ 'ਤੇ ਐਕੁਆਇਰ ਕੀਤੀ ਜ਼ਮੀਨ ਦੇ ਬਦਲੇ ਬਹਰੀਆ ਟਾਊਨ ਦੇ ਮਲਿਕ ਰਿਆਜ਼ ਨੂੰ 19 ਕਰੋੜ ਪੌਂਡ ਦਾ ਲਾਭ ਦੇਣ ਦਾ ਇਲਜ਼ਾਮ ਸੀ।

ਇਲਜ਼ਾਮ ਹੈ ਕਿ ਯੂਨੀਵਰਸਿਟੀ ਲਈ ਬਹਿਰੀਆ ਟਾਊਨ ਪ੍ਰੋਜੈਕਟ ਨੇ ਦਾਨ ਕੀਤਾ ਸੀ। ਇਮਰਾਨ ਖ਼ਾਨ 'ਤੇ ਬਹਰੀਆ ਟਾਊਨ ਦੇ ਸੀਆਈਓ ਮਲਿਕ ਰਿਆਜ਼ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਰਾਹਤ ਦੇਣ ਦਾ ਇਲਜ਼ਾਮ ਹੈ।

ਐਨਏਬੀ ਹੁਣ ਅਲ-ਕਾਦਿਰ ਟਰੱਸਟ ਨੂੰ ਮਿਲੇ ਚੰਦੇ ਦੀ ਜਾਂਚ ਕਰ ਰਿਹਾ ਹੈ। ਇਸ ਮਾਮਲੇ 'ਚ ਹੁਣ ਇਮਰਾਨ ਖਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪੀਟੀਆਈ ਨੇਤਾ ਸ਼ਿਰੀਨ ਮਜ਼ਾਰੀ ਨੇ ਕਿਹਾ, 'ਇਸਲਾਮਾਬਾਦ ਹਾਈ ਕੋਰਟ ਵਿੱਚ ਜ਼ਬਰਨ ਦਾਖ਼ਲ ਹੋ ਕੇ ਇਮਰਾਨ ਖ਼ਾਨ ਦਾ ਅਗਵਾ ਕਰਨਾ ਰਾਜ-ਪ੍ਰਾਯੋਜਿਤ ਅੱਤਵਾਦ ਹੈ। ਇਸ ਦੇਸ਼ ਵਿੱਚ ਜੰਗਲ ਰਾਜ ਹੈ। ਰੇਂਜਰਾਂ ਨੇ ਵਕੀਲਾਂ ਨੂੰ ਕੁੱਟਿਆ ਇਮਰਾਨ ਖ਼ਾਨ ਨੂੰ ਤਸੀਹੇ ਦਿੱਤੇ ਅਤੇ ਅਗਵਾ ਕਰ ਲਿਆ।'

ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਆਗੂ ਫਵਾਦ ਚੌਧਰੀ ਨੇ ਇੱਕ ਟਵੀਟ ਵਿੱਚ ਕਿਹਾ, ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਅਦਾਲਤ ਦੇ ਅਹਾਤੇ ਤੋਂ ਚੁੱਕਿਆ ਗਿਆ। ਵਕੀਲਾਂ ਅਤੇ ਆਮ ਲੋਕਾਂ ਉੱਤੇ ਤਸ਼ੱਦਦ ਕੀਤਾ ਗਿਆ।

ਇਮਰਾਨ ਖ਼ਾਨ ਨੂੰ ਅਣਪਛਾਤੇ ਲੋਕ ਕਿਸੇ ਅਣਪਛਾਤੀ ਥਾਂ 'ਤੇ ਲੈ ਗਏ ਹਨ। ਇਸਲਾਮਾਬਾਦ ਹਾਈ ਕੋਰਟ ਦੇ ਚੀਫ਼ ਜਸਟਿਸ ਨੇ ਗ੍ਰਹਿ ਸਕੱਤਰ ਅਤੇ ਆਈਜੀ ਨੂੰ 15 ਮਿੰਟ ਦੇ ਅੰਦਰ ਅਦਾਲਤ ਵਿੱਚ ਪੇਸ਼ ਹੋਣ ਦਾ ਹੁਕਮ ਦਿੱਤਾ ਹੈ।

ਗ੍ਰਿਫ਼ਤਾਰੀ ਤੋਂ ਪਹਿਲਾਂ ਇਮਰਾਨ ਖ਼ਾਨ ਨੇ ਕੀ ਕਿਹਾ

ਇਮਰਾਨ ਖ਼ਾਨ ਦਾ ਇੱਕ ਰਿਕਾਰਡ ਕੀਤਾ ਹੋਇਆ ਵੀਡੀਓ ਬਿਆਨ ਸਾਹਮਣੇ ਆਇਆ ਹੈ, ਜਿਸ 'ਚ ਉਨ੍ਹਾਂ ਨੇ ਪਾਕਿਸਤਾਨ ਦੀ ਜਨਤਾ ਨੂੰ ਸੰਦੇਸ਼ ਦਿੱਤਾ ਹੈ।

ਇਸ ਦਰਜ ਕੀਤੇ ਬਿਆਨ ਵਿੱਚ ਇਮਰਾਨ ਖ਼ਾਨ ਨੇ ਕਿਹਾ ਹੈ, 'ਜਦੋਂ ਤੱਕ ਮੇਰੇ ਇਹ ਸ਼ਬਦ ਤੁਹਾਡੇ ਤੱਕ ਪਹੁੰਚਣਗੇ, ਉਦੋਂ ਤੱਕ ਮੈਂ ਇੱਕ ਗ਼ੈਰ-ਕਾਨੂੰਨੀ ਕੇਸ ਵਿੱਚ ਬੰਦ ਹੋ ਚੁੱਕਾ ਹੋਵਾਂਗਾ। ਇਸ ਨਾਲ ਤੁਹਾਨੂੰ ਸਾਰਿਆਂ ਨੂੰ ਇੱਕ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਸਾਡਾ ਸੰਵਿਧਾਨ, ਜੋ ਸਾਨੂੰ ਅਧਿਕਾਰ ਦਿੰਦਾ ਹੈ, ਜੋ ਕਿ ਲੋਕਤੰਤਰ ਹੈ, ਅਲੋਪ ਹੋ ਚੁੱਕਾ ਹੈ।'

ਇਮਰਾਨ ਖ਼ਾਨ ਨੇ ਅੱਗੇ ਕਿਹਾ, 'ਹੋ ਸਕਦਾ ਹੈ ਕਿ ਇਸ ਤੋਂ ਬਾਅਦ ਮੈਨੂੰ, ਤੁਹਾਨੂੰ ਸੰਬੋਧਨ ਕਰਨ ਦਾ ਮੌਕਾ ਨਾ ਮਿਲੇ। ਇਸ ਲਈ ਮੈਂ ਤੁਹਾਡੇ ਨਾਲ ਦੋ-ਤਿੰਨ ਗੱਲਾਂ ਕਰਨਾ ਚਾਹੁੰਦਾ ਹਾਂ।'

'ਪਾਕਿਸਤਾਨ ਦੀ ਕੌਮ ਮੈਨੂੰ 50 ਸਾਲਾਂ ਤੋਂ ਜਾਣਦੀ ਹੈ, ਮੈਂ ਕਦੇ ਪਾਕਿਸਤਾਨ ਦੇ ਸੰਵਿਧਾਨ ਦੇ ਵਿਰੁੱਧ ਨਹੀਂ ਗਿਆ ਅਤੇ ਨਾ ਹੀ ਮੈਂ ਕਦੇ ਪਾਕਿਸਤਾਨ ਦਾ ਕਾਨੂੰਨ ਤੋੜਿਆ ਹੈ। ਰਾਜਨੀਤੀ ਵਿਚ ਆਉਣ ਤੋਂ ਬਾਅਦ ਮੈਂ ਹਮੇਸ਼ਾ ਇਹ ਕੋਸ਼ਿਸ਼ ਕੀਤੀ ਹੈ ਕਿ ਜੋ ਵੀ ਸੰਘਰਸ਼ ਕਰਨਾ ਹੈ, ਉਸ ਨੂੰ ਸ਼ਾਂਤਮਈ ਢੰਗ ਨਾਲ ਕਰਨ ਦੀ ਕੋਸ਼ਿਸ਼ ਕੀਤੀ ਹੈ।'

ਸਾਬਕਾ ਪ੍ਰਧਾਨ ਮੰਤਰੀ ਨੇ ਅੱਗੇ ਕਿਹਾ, 'ਅੱਜ ਜੋ ਕੁਝ ਕੀਤਾ ਜਾ ਰਿਹਾ ਹੈ, ਉਹ ਇਸ ਲਈ ਨਹੀਂ ਕੀਤਾ ਜਾ ਰਿਹਾ ਕਿਉਂਕਿ ਮੈਂ ਕੋਈ ਕਾਨੂੰਨ ਤੋੜਿਆ ਹੈ, ਇਹ ਸਿਰਫ਼ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਚਾਹੁੰਦੇ ਹਨ ਕਿ ਮੈਂ ਅਸਲ ਆਜ਼ਾਦੀ ਅੰਦੋਲਨ ਦੇ ਪਿੱਛੇ ਰਹਾਂ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਭ੍ਰਿਸ਼ਟ ਚੋਰਾਂ ਦਾ ਇਹ ਗਿਰੋਹ, ਸਾਡੇ 'ਤੇ ਥੋਪੀ ਗਈ ਦਰਾਮਦ ਸਰਕਾਰ ਚਾਹੁੰਦੀ ਹੈ ਕਿ ਮੈਂ ਇਸ ਨੂੰ ਸਵੀਕਾਰ ਕਰ ਲਵਾਂ।'ਆਪਣੇ ਬਿਆਨ ਦੇ ਅੰਤ ਵਿੱਚ ਇਮਰਾਨ ਖ਼ਾਨ ਨੇ ਕਿਹਾ, 'ਅੱਜ ਮੈਂ ਤੁਹਾਨੂੰ ਸਾਰਿਆਂ ਨੂੰ ਅਪੀਲ ਕਰ ਰਿਹਾ ਹਾਂ ਕਿ ਤੁਹਾਨੂੰ ਆਪਣੇ ਅਧਿਕਾਰਾਂ ਲਈ ਆਜ਼ਾਦੀ ਲਈ ਬਾਹਰ ਆਉਣਾ ਪਵੇਗਾ। ਆਜ਼ਾਦੀ ਕਦੇ ਵੀ ਕਿਸੇ ਕੌਮ ਨੂੰ ਥਾਲੀ ਵਿੱਚ ਨਹੀਂ ਦਿੱਤੀ ਜਾਂਦੀ, ਆਜ਼ਾਦੀ ਲਈ ਸੰਘਰਸ਼ ਕਰਨਾ ਪੈਂਦਾ ਹੈ, ਸਖ਼ਤ ਮਿਹਨਤ ਕਰਨੀ ਪੈਂਦੀ ਹੈ ਅਤੇ ਅੱਲ੍ਹਾ ਇਸ ਕੌਮ ਨੂੰ ਆਜ਼ਾਦੀ ਦਾ ਤੋਹਫ਼ਾ ਦਿੰਦਾ ਹੈ। ਸਮਾਂ ਆ ਗਿਆ ਹੈ ਕਿ ਤੁਸੀਂ ਸਾਰੇ ਆਪਣੇ ਹੱਕਾਂ ਲਈ ਖੜ੍ਹੇ ਹੋਵੋ।'

Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 201

Website: www.preetnama.com Email preetnamausa@gmail.com

12 MAY TO 18 MAY, 2023

ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਗੁਰਦੁਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸੰਗਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ

ਨਿਊਯਾਰਕ- ਬੀਤੇ ਐਤਵਾਰ ਗੁਰਦਵਾਰਾ ਸਾਹਿਬ ਬਾਬਾ ਮੱਖਣ ਸਾਹ ਲੁਬਾਣਾ ਸਿੱਖ ਸੈਂਟਰ ਵਿਖੇ ਸਿੱਖਾਂ ਦੇ ਤੀਜੇ ਗੁਰੂ ਅਮਰ ਦਾਸ ਜੀ ਦਾ ਪ੍ਰਕਾਸ ਦਿਹਾੜਾ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰਧਾਨ ਦਲੇਰ ਸਿੰਘ ਅਤੇ ਜਨਰਲ ਸਕੱਤਰ ਸੁਖਜਿੰਦਰ ਸਿੰਘ ਰਿੰਪੀ ਵੱਲੋਂ ਗੁਰੂਆਂ ਦੇ ਪ੍ਰਕਾਸ ਦਿਹਾੜੇ ਤੇ ਲਗਾਤਾਰ ਇੱਕ ਹਫਤੇ ਤੋਂ ਵੱਖ ਵੱਖ ਅਖਬਾਰਾਂ ਤੇ ਚੈਨਲਾਂ ਤੇ ਐਡ ਵੀ ਚਲਾਈ ਜਾ ਰਹੀ ਸੀ। ਉਹਨਾਂ ਦੱਸਿਆ ਸਾਡੇ ਵੱਲੋਂ ਸੰਤਾਂ ਮਹਾਂਪੁਰਸਾਂ ਦੀਆਂ ਬਰਸੀਆਂ ਤੇ ਰੌਣਕਾਂ ਅਪਨੇ ਆਪ ਪਹੁੰਚ ਜਾਂਦੀਆਂ ਹਨ। ਪਰ ਗੁਰੂਆਂ ਦੇ ਪ੍ਰਕਾਸ ਪੁਰਬ ਤੇ ਸਾਨੂੰ ਐਡ ਕਰਨੀ ਪੈ ਰਹੀ ਹੈ। ਉਹਨਾਂ ਕਿਹਾ! ਅਸੀਂ ਅਪਨੀਆਂ ਜੜ੍ਹਾਂ ਖੁਦ ਹੀ ਪੱਟੀ ਜਾ ਰਹੇ ਹਾਂ। ਜੱਦ ਕਿ ਜੜ੍ਹਾਂ ਨਾਲ ਹੀ ਦਰੱਖਤਾਂ ਦੀ ਮਿਆਦ ਹੁੰਦੀ ਹੈ। ਸਾਨੂੰ ਕਦੀ ਨਹੀਂ ਭੁੱਲਣਾ ਚਾਹੀਦਾ ਗੁਰੂ ਗ੍ਰੰਥ ਸਾਹਿਬ ਜੀ ਵਗੈਰ ਸਾਡੀ ਹੋਂਦ ਅਧੂਰੀ ਹੈ। ਇਸ ਲਈ ਸਾਨੂੰ ਅਪਨੇ ਗੁਰੂਆਂ ਦੀ ਯਾਦ ਨੂੰ ਹਿਰਦੇ ਵਿੱਚ ਵਸਾ ਕੇ ਰੱਖਣਾ ਚਾਹੀਦਾ ਹੈ। ਹਰ ਸਿੱਖ ਨੂੰ ਇਹਨਾਂ ਦਿਹਾੜਿਆਂ ਨੂੰ ਅਪਨੀ ਸੋਚ ਵਿੱਚ ਹਮੇਸਾ ਲਈ ਰੱਖਣਾ ਚਾਹੀਦਾ ਹੈ। ਜਦੋਂ ਵੀ ਗੁਰੂਆਂ ਦੇ ਪ੍ਰਕਾਸ ਪੁਰਬ ਆਉਣ ਸਾਨੂੰ ਹਰ ਇੱਕ ਨੂੰ ਵੱਧ ਚੜ੍ਹਕੇ ਸੇਵਾ ਵੀ ਕਰਨੀ ਚਾਹੀਦੀ ਹੈ। ਸੰਗਤਾਂ ਨੂੰ ਗੁਰੂ ਘਰਾਂ ਵਿੱਚ ਆਉਣ ਲਈ ਬੱਚਿਆਂ ਨੂੰ ਪ੍ਰੇਰਨਾ ਚਾਹੀਦਾ ਹੈ। ਇਹੀ ਸਾਡਾ ਮੁੱਢਲਾ ਫਰਜ ਹੈ। ਭਾਵੇਂ ਵੱਖ ਵੱਖ ਗੁਰੂ ਘਰਾਂ ਵਿੱਚ ਹੋਰ ਪ੍ਰੋਗਰਾਮ ਵੀ ਚੱਲ ਰਹੇ ਸਨ। ਪਰ ਗੁਰੂ ਅਮਰਦਾਸ ਜੀ ਦੇ ਪ੍ਰਕਾਸ ਪੁਰਬ ਤੇ ਸੇਵਾਦਾਰਾਂ ਵੱਲੋਂ ਸਟਾਲ ਵੀ ਲਾਏ ਗਏ। ਸੰਗਤਾਂ ਨੇ ਸਵੇਰ ਤੋਂ ਸਾਮ ਤੱਕ ਗੁਰੂ ਜੱਸ ਗਾਇਆ। ਰਾਗੀ ਢਾਡੀ ਜਥਿਆਂ ਨੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜੀ ਰੱਖਿਆ। ਇਸ ਮੌਕੇ ਤੇ ਸਿੱਖ ਕਲਚਰ ਸੁਸਾਇਟੀ ਦੇ ਨਵੇਂ ਬੜੇ ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਏ ਜੀ , ਸਤਨਾਮ ਸਿੰਘ , ਬਲਵਿੰਦਰ ਸਿੰਘ ਵਿਰਕ, ਬਲਵਿੰਦਰ ਸਿੰਘ ਬਾਜਵਾ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਬਾਹਰ ਭਾਂਤ ਭਾਂਤ ਦੇ ਪਕਵਾਨਾ ਵਾਲੇ ਸਟਾਲਾਂ ਤੇ ਸੇਵਾਦਾਰਾਂ ਵੱਲੋਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਸਨ। ਸਕੱਤਰ ਜਸਵਿੰਦਰ ਸਿੰਘ ਮਾਣਾ ਜੀ ਵੱਲੋਂ ਵੀ ਜਨਰਲ ਸਕੱਤਰ ਸੁਖਜਿੰਦਰ ਸਿੰਘ ਰਿੰਪੀ ਦਾ ਸਟੇਜ ਤੇ ਸਾਥ ਦਿੱਤਾ ਜਾ ਰਿਹਾ ਸੀ। ਹੈੱਡ ਗ੍ਰੰਥੀ ਜਸਪਾਲ ਸਿੰਘ ਅਤੇ ਗ੍ਰੰਥੀ ਕੁਲਵੰਤ ਸਿੰਘ ਵੱਲੋਂ ਵੀ ਕਥਾ ਰਾਂਹੀ ਗੁਰੂ ਅਮਰ ਦਾਸ ਜੀ ਦੇ ਜੀਵਨ ਵਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਰਾਗੀ ਗੁਰਪ੍ਰੀਤ ਸਿੰਘ ਬੱਲੜਵਾਲ ਵਾਲਿਆਂ ਵੱਲੋਂ ਸੰਗਤਾਂ ਨੂੰ ਅਪਨੀ ਮਨਮੋਹਕ ਅਵਾਜ ਵਿੱਚ ਗੁਰਬਾਣੀ ਰਸ ਕਰਵਾਇਆ ਗਿਆ। ਕੈਸੀਅਰ ਦਲੀਪ ਸਿੰਘ ਜੀ ਅਤੇ ਸਾਬਕਾ ਪ੍ਰਧਾਨ ਰਘਵੀਰ ਸਿੰਘ ਬੱਬੀ ਵੱਲੋਂ ਸਪੁੱਤਰ ਸਮੇਤ ਕਾਉਂਟਰ ਤੇ ਸੇਵਾਵਾਂ ਨਿਭਾਈਆਂ ਜਾ ਰਹੀਆਂ ਸਨ। ਸਾਬਕਾ ਪ੍ਰਧਾਨ ਗੁਰਮੀਤ ਸਿੰਘ ਜੀ ਵੱਲੋਂ ਵੀ ਇਸ ਮੌਕੇ ਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਪ੍ਰਧਾਨ ਦਲੇਰ ਸਿੰਘ ਅਤੇ ਜਨਰਲ ਸਕੱਤਰ ਸੁਖਜਿੰਦਰ ਸਿੰਘ ਰਿੰਪੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਬੀ ਜੇ ਸਟੂਡੀਉ ਵੱਲੋਂ ਤਸਵੀਰਾਂ ਨੂੰ ਯਾਦਗਾਰੀ ਇਤਿਹਾਸ ਬਣਾਇਆ ਗਿਆ। ਜਿਹੜਾ ਆਉਣ ਵਾਲੀ ਨਵੀਂ ਪਨੀਰੀ ਨੂੰ ਗੁਰੂਆਂ ਦੇ ਪ੍ਰਕਾਸ ਪੁਰਬ ਯਾਦ ਕਰਵਾਉਂਦਾ ਰਹੇਗਾ। ਜਿਹਨਾਂ ਅਖਬਾਰਾਂ ਨੂੰ ਪੜ੍ਹਕੇ ਤੇ ਤਸਵੀਰਾਂ ਨੂੰ ਵੇਖਕੇ ਨੌਜਵਾਨ ਪੀੜ੍ਹੀ ਵੀ ਅਪਨੇ ਸੱਭਿਆਚਾਰ ਅਤੇ ਸੰਸਕਾਰਾਂ ਦੀ





Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 201

Website: www.preetnama.com Email preetnamausa@gmail.com

12 MAY TO 18 MAY, 2023

ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਤੇ ਗੁਰਦੁਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸੰਗਤਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 201

Website: www.preetnama.com Email preetnamausa@gmail.com

12 MAY TO 18 MAY, 2023

‘ਜਿਹੜੇ ਗੈਂਗਸਟਰਾਂ ਦੇ ਮੈਂ ਇੰਟਰਵਿਊ ਕੀਤੇ, ਕਿਵੇਂ ਉਹ ਮੇਰੀ ਨਾਮੁਰਾਦ ਬੀਮਾਰੀ ਸਮੇਂ ਮੇਰੇ ਸਾਥੀ ਬਣੇ’

ਬੀਮਾਰੀ ਦਾ ਪਤਾ ਲੱਗਣਾ

ਉਦੋਂ ਲਿਵੀ 2016 ਵਿੱਚ ਫਿਲੀਪੀਨ ਡਰੱਗ ਯੁੱਧ ਦੀ ਜਾਂਚ ਕਰ ਰਹੇ ਸਨ ਕਿ ਉਨ੍ਹਾਂ ਦੀ ਆਪਣੀ ਜਿੰਦਗੀ ਵਿੱਚ ਇੱਕ ਮੋੜ ਆਉਣਾ ਸ਼ੁਰੂ ਹੋਇਆ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, “ਮੇਰੀਆਂ ਲੱਤਾਂ ਵਿੱਚ ਕੁਝ ਤਾਂ ਗਲਤ ਸੀ, ਅਤੇ ਮੈਨੂੰ ਪੂਰਾ ਯਕੀਨ ਸੀ ਕਿ ਇਹ ਜਰੂਰ ਇਸ ਤਰ੍ਹਾਂ ਹੈ ਜਿਵੇਂ ਮੈਂ ਕੁਝ ਖਾ ਲਿਆ ਹੈ।“

ਲਿਵੀ ਨੇ ਸੂਟਿੰਗ ਖਤਮ ਕੀਤੀ ਅਤੇ ਯੂਕੇ ਵਾਪਸ ਪਰਤ ਆਏ, ਪਰ ਲੱਛਣ ਜਾਰੀ ਰਹੇ।

ਅਗਲੇ ਚਾਰ ਸਾਲਾਂ ਵਿੱਚ, ਉਨ੍ਹਾਂ ਨੇ ਡਾਕਟਰ ਨਾਲ ਕਈ ਮੁਲਾਕਾਤਾਂ ਕੀਤੀਆਂ, ਪਰ ਕਦੇ ਵੀ ਬਿਮਾਰੀ ਦਾ ਪਤਾ ਨਹੀਂ ਚੱਲਿਆ।

2020 ਵਿੱਚ, ਉਸਨੂੰ ਇੱਕ ਲੰਬਰ ਪੰਕਚਰ, ਇੱਕ ਸੇਰੇਬ੍ਰੋ-ਸਪਾਈਨਲ ਤਰਲ ਟੈਸਟ ਕਰਵਾਉਣ ਦਾ ਸੁਝਾਅ ਦਿੱਤਾ ਗਿਆ ਤਾਂ ਜੋ, “ਐੱਮਐੱਸ ਦੀ ਸੰਭਾਵਨਾ ਨੂੰ ਰੱਦ“ ਕੀਤਾ ਜਾ ਸਕੇ ਪਰ ਟੈਸਟ ਦੇ ਨਤੀਜੇ ਨੇ ਸਗੋਂ ਇਸ ਦੀ ਪੁਸਟੀ ਕਰ ਦਿੱਤੀ।

ਐੱਮਐੱਸ ਉਦੋਂ ਹੁੰਦਾ ਹੈ ਜਦੋਂ ਨਰਵ ਫਾਈਬਰਜ ਨੂੰ ਘੇਰਕੇ ਰੱਖਣ ਵਾਲੀ ਸੁਰੱਖਿਆ ਪਰਤ ਮਾਈਲਿਨ ਨੂੰ ਨੁਕਸਾਨ ਪਹੁੰਚਦਾ ਹੈ।

ਇਸ ਨਾਲ ਦਿਮਾਗ ਅਤੇ ਸਰੀਰ ਦੇ ਵਿਚਕਾਰ ਸੰਦੇਸਾਂ ਦੇ ਪ੍ਰਵਾਹ ਵਿੱਚ ਰੁਕਾਵਟ ਪੈਂਦੀ ਹੈ। ਇਹ ਰੀੜ੍ਹ ਦੀ ਹੱਡੀ ਅਤੇ ਨਜਰ, ਸਰੀਰਕ ਗਤੀਵਿਧੀ ਅਤੇ ਸੰਤੁਲਨ ਪ੍ਰਭਾਵਿਤ ਕਰ ਸਕਦਾ ਹੈ।

ਆਖਰ ਇੱਕ ਨਿਊਰੋਲੋਜਿਸਟ ਦੀ ਇੱਕ ਫੋਨ ਕਾਲ ਨੇ ਲਿਵੀ ਨੂੰ ਐੱਮਐੱਸ ਹੋਣ ਉੱਤੇ ਮੋਹਰ ਲਾ ਦਿੱਤੀ। ਉਨ੍ਹਾਂ ਨੂੰ ਦੱਸਿਆ ਗਿਆ ਕਿ ਇੱਕ ਹਫਤੇ ਦੇ ਅੰਦਰ, ਉਨ੍ਹਾਂ ਦੇ ਇਲਾਜ ਦੀ ਯੋਜਨਾ ਬਣਾਉਣ ਲਈ ਇੱਕ ਹੋਰ ਫੋਨ ਕਾਲ ਆਵੇਗੀ।

ਕਈ ਹਫਤੇ ਬੀਤ ਗਏ ਪਰ ਕੋਈ ਫੋਨ ਕਾਲ ਨਹੀਂ ਆਈ, ਇਸ ਦੌਰਾਨ ਲਿਵੀ ਨੇ ਸਾਂਤ ਰਹਿਣ ਦੀ ਕੋਸਿਸ਼ ਕੀਤੀ। “ਇਹ ਇਵੇਂ ਸੀ ਜਿਵੇਂ ਮੇਰੇ ਉੱਪਰ ਕੋਈ ਗ੍ਰਨੇਡ ਸੁੱਟਿਆ ਗਿਆ ਹੋਵੇ।“

ਅਗਵਾ ਕਰਨ ਵਾਲੇ ਗਿਰੋਹਾਂ ‘ਤੇ ਬਣਾ ਰਹੀ ਡਾਕੂਮੈਂਟਰੀ ਕਾਰਨ ਉਨ੍ਹਾਂ ਦਾ ਧਿਆਨ ਇਸ ਤੋਂ ਕੁਝ ਦੇਰ ਲਈ ਜਰੂਰ ਪਾਸੇ ਹਟ ਗਿਆ ਸੀ: ਉਹ ਕਹਿੰਦੇ ਹਨ, ਡਾਕੂਮੈਂਟਰੀ “ਬਾਰੇ ਸੋਚਣਾ ਸੌਖਾ ਸੀ।“

ਖੋਜੀ ਪੱਤਰਕਾਰ ਲਿਵੀ ਹੇਡੌਕ ਨੂੰ ਦੁਨੀਆਂ ਦੇ ਕੁਝ ਸਭ ਤੋਂ ਬਦਨਾਮ ਅਪਰਾਧੀਆਂ ਨਾਲ ਦਸਤਾਵੇਜੀ ਫਿਲਮਾਂ ਬਣਾਉਣ ਲਈ ਜਾਣਿਆ ਜਾਂਦਾ ਹੈ।

ਜਦੋਂ ਉਨ੍ਹਾਂ ਨੂੰ ਆਪਣੇ ਮਲਟੀਪਲ ਸਕਲੇਰੋਸਿਸ (ਈਐਮ) ਨਾਲ ਗ੍ਰਸਿਤ ਹੋਣ ਦਾ ਪਤਾ ਲੱਗਿਆ, ਤਾਂ ਉਨ੍ਹਾਂ ਨੂੰ ਸਭ ਤੋਂ ਅਣਕਿਆਸੇ ਲੋਕਾਂ ਦਾ ਸਾਥ ਮਿਲਿਆ: ਉਹ ਅਪਰਾਧੀ ਜਿਨ੍ਹਾਂ ਦੀ ਉਨ੍ਹਾਂ ਨੇ ਇੰਟਰਵਿਊ ਕੀਤੀ ਸੀ।

ਲਿਵੀ ਮੰਨਦੇ ਹਨ,“ਮੈਨੂੰ ਹਮੇਸਾ ਕਹਿੰਦੇ ਸਨ ਕਿ ਮੈਂ ਕਿਸੇ ਵੀ ਚੀਜ ਤੋਂ ਨਹੀਂ ਡਰਦੀ, ਪਰ ਇਹ ਬਿਮਾਰੀ ਮੈਨੂੰ ਡਰਾਉਂਦੀ ਹੈ,“ ਇਸ ਦੇ ਸਾਹਮਣੇ, “ਮੈਂ ਬਹੁਤ ਤੁੱਛ ਮਹਿਸੂਸ ਕਰਦੀ ਹਾਂ“ ।

38 ਸਾਲਾ ਇਸ ਸੁਤੰਤਰ ਪੱਤਰਕਾਰ ਨੇ ਕਾਂਗੋ ਵਿੱਚ ਕੁੜੀਆਂ ਦੇ ਗੈਂਗ ਤੋਂ ਲੈ ਕੇ ਬਾਲ ਸਿਪਾਹੀਆਂ ਤੱਕ ਦੇ ਵਿਸਿਆਂ ਉਤੇ ਦਸਤਾਵੇਜੀ ਫਿਲਮਾਂ ਬਣਾਈਆਂ ਅਤੇ ਇੱਕ ਰੁਝੇਵਿਆਂ ਭਰਭੂਰ ਪੇਸੇਵਰ ਜਿੰਦਗੀ ਬਤੀਤ ਕੀਤੀ ਹੈ।

ਉਨ੍ਹਾਂ ਦੇ ਕੰਮ ਦੀ ਤਾਜਾ ਮਿਸਾਲ ਹੈ ਗੈਂਗਸਟਰ: ਜੌਹਨ ਪਾਮਰ ਦੀ ਕਹਾਣੀ (“ਗੈਂਗਸਟਰ: ਦਿ ਜੌਨ ਪਾਮਰ ਸਟੋਰੀ“)। ਇਹ ਉਨ੍ਹਾਂ ਨੇ ਬੀਬੀਸੀ ਲਈ ਬਣਾਈ ਸੀ, ਜੋ 1983 ਵਿੱਚ ਬ੍ਰਿੰਕਸ-ਮੈਟ ਸੋਨੇ ਦੀਆਂ ਛੜਾਂ ਦੀ ਚੋਰੀ ਵਿੱਚ ਪਾਮਰ ਦੀ ਸਮੂਲੀਅਤ ਦੀ ਜਾਂਚ ਕਰਦੀ ਹੈ।

ਬ੍ਰਿੰਕਸ-ਮੈਟ ਬ੍ਰਿਟਿਸ ਇਤਿਹਾਸ ਵਿੱਚ ਸਭ ਤੋਂ ਵੱਡੀ ਹਥਿਆਰਬੰਦ ਲੁੱਟ ਹੈ।

ਇਹ ਅੱਲ੍ਹੜ ਉਮਰੇ ਜੌਹਨ ਅਮਰੀਕੀ ਰੈਪ ਸੰਗੀਤ ਲਈ ਦੀਵਾਨਾ ਸੀ, ਜਿਸ ਨੇ ਅਪਰਾਧਿਕ ਭੇਤ ਰੱਖਣੇ, ਗੈਂਗ ਅਤੇ ਹਿੰਸਾ ਨਾਲ ਉਸਦਾ ਮੋਹ ਬਣਾਇਆ।

ਹੇਡੌਕ ਦੱਸਦੇ ਹਨ,“ਮੈਂ ਇਸਨੂੰ ਸਮਝਣਾ ਚਾਹੁੰਦੀ ਸੀ। ਕਈ ਵਾਰ, ਜੋ ਲੋਕ ਜੁਰਮ ਕਰਦੇ ਹਨ, ਉਹ ਆਪਣੇ ਪੱਖ ਤੋਂ ਇਸ ਬਾਰੇ ਗੱਲ ਨਹੀਂ ਕਰ ਸਕਦੇ।“

ਇਹ ਤੁਹਾਨੂੰ ਸਮਝਣ ਵਿੱਚ ਮਦਦ ਕਰਦਾ ਹੈ ਕਿ ਤੁਸੀਂ ਕਿਉਂ ਅਜਿਹੇ ਖਤਰੇ ਮੁੱਲ ਲੈਂਦੇ ਹੋ ਅਤੇ ਕਿਵੇਂ ਕਈ ਵਾਰ ਅਜਿਹੇ ਵਿਕਲਪ ਤੁਹਾਨੂੰ “ਤਰਕਪੂਰਨ“ ਲੱਗ ਸਕਦੇ ਹਨ।

ਕ੍ਰਿਸਮਿਸ ‘ਤੇ ਆਖਰ ਇਹ “ਗਰਨੇਡ ਫਟ ਗਿਆ“

ਨਰਸ ਨੇ ਆਖਰਕਾਰ ਫੋਨ ਕੀਤਾ ਅਤੇ ਜਦੋਂ ਲਿਵੀ ਨੇ ਇਲਾਜ ਸ਼ੁਰੂ ਕੀਤਾ ਤਾਂ ਉਹ ਜਾਣਦੇ ਸਨ ਕਿ

ਆਪਣੇ ਭਵਿੱਖ ਬਾਰੇ ਬਹੁਤ ਧਿਆਨ ਨਾਲ ਵਿਚਾਰ ਕਰਨਾ ਪਏਗਾ। ਖਾਸ ਕਰਕੇ ਜਦੋਂ ਉਨ੍ਹਾਂ ਦੀ ਖਤਰਨਾਕ ਜਾਂਚ ਹੋਈ।

ਇਸ ਉਮੀਦ ਵਿੱਚ ਕਿ ਕਦੋਂ ਤਸਕਰ ਸੜਕਾਂ ’ਤੇ ਆਉਣ ਅਤੇ ਉਹ ਉਨ੍ਹਾਂ ਦੀ ਇੰਟਰਵਿਊ ਕਰ ਸਕਣ, ਉਹ ਪਹਿਲਾਂ ਹੀ ਬਹੁਤ ਸਾਰੀਆਂ ਰਾਤਾਂ ਗੁਆ ਚੁੱਕੇ ਸਨ। ਇਹ ਉਹ ਸਮਾਂ ਸੀ, ਜੋ ਇਲਾਜ ਨੂੰ ਦਿੱਤਾ ਜਾ ਸਕਦਾ ਸੀ।

ਉਹ ਮਜਾਕ ਕਰਦੇ ਹਨ, “ਉਹ ਦੁਨੀਆ ਦੇ ਸਭ ਤੋਂ ਜਿੰਦਾਦਾ ਗੈਰ-ਭਰੋਸੇਮੰਦ ਲੋਕ ਹਨ।“ ਉਹ ਅਕਸਰ ਦੇਰੀ ਨਾਲ ਆ ਕੇ ਉਨ੍ਹਾਂ ਦੇ ਸਕੂਨ ਨੂੰ ਭੰਗ ਕਰਨ ਵਾਲੇ ਲੋਕਾਂ ਨੂੰ ਝਿੜਕਦੇ ਹਨ।

ਅਣਕਿਆਸੀ ਮਦਦ

ਪਰ ਉਨ੍ਹਾਂ ਦਾ ਕੰਮ ਹੀ ਉਨ੍ਹਾਂ ਦੀ ਮੁਕਤੀ ਵੀ ਰਿਹਾ ਹੈ। ਆਪਣੇ ਕੰਮ ਵਿੱਚ ਉਹ ਨਾ ਸਿਰਫ ਗੁੰਮ ਜਾਂਦੇ ਹਨ ਸਗੋਂ ਇੱਥੋਂ ਹੀ ਉਨ੍ਹਾਂ ਨੂੰ ਹਮਦਰਦੀ ਦਾ ਇੱਕ ਅਣਕਿਆਸਿਆ ਸਰੋਤ ਵੀ ਮਿਲਿਆ।

ਲਿਵੀ ਕਹਿੰਦੇ ਹਨ, “ਮੈਨੂੰ ਅਪਰਾਧ ਦੀ ਦੁਨੀਆ ਵਿੱਚ ਬਹੁਤ ਸਾਰੀਆਂ ਡਿਸਬਿਲਟੀਜ ਦਾ ਸਾਹਮਣਾ ਕੀਤਾ ਹੈ।

“ਇੱਕ ਵਾਰ ਜਦੋਂ ਮੈਂ ਇੰਟਰਵਿਊ ਕੀਤੇ ਤਾਂ ਉਸ ਗੈਂਗ ਦੇ ਜਿੰਦਾਦਾਤਰ ਮੈਂਬਰ ਵ੍ਹੀਲਚੇਅਰ ‘ਤੇ ਸਨ ਜਾਂ ਗੋਲੀਆਂ ਦੇ ਜਖਮਾਂ ਕਾਰਨ ਡਾਕਟਰੀ ਸਮੱਸਿਆਵਾਂ ਵਿੱਚੋਂ ਗੁਜਰ ਰਹੇ ਸਨ।“

ਸਿੱਕਲ ਸੈੱਲ ਰੋਗ ਇੱਕ ਅਪਾਹਜ ਕਰਨ ਵਾਲਾ ਵਿਕਾਰ ਹੈ,ਜਿਸਦਾ ਜਿੰਦਾਦਰ ਸਾਇਦ ਤੁਸੀਂ ਸੁਣਿਆ ਹੋਵੇ। ਇਸ ਕਾਰਨ ਲਾਲ ਰਕਤਾਣੂਆਂ ਵਿੱਚ ਵਿਗਾੜ ਪੈਦਾ ਹੁੰਦਾ। ਉਹ ਖੂਨ ਦੀਆਂ ਨਾਲੀਆਂ ਨਾਲ ਚਿਪਕਣ ਲਗਦੇ ਹਨ ,ਜਿਸ ਕਾਰਨ ਖੂਨ ਦੇ ਵਹਾਅ ਵਿੱਚ ਰੁਕਾਵਟ ਪੈਦਾ ਹੁੰਦੀ ਹੈ।

ਖੂਨ ਵਿੱਚ ਨਾੜੀਆਂ ਆਕਸੀਜਨ ਦੀ ਸਪਲਾਈ ਘੱਟ ਹੋ ਜਾਂਦੀ ਹੈ, ਭਿਆਨਕ ਦਰਦ ਹੁੰਦਾ ਹੈ ਜੋ ਕਿ ਵੱਧਦਾ ਹੀ ਜਾਂਦਾ ਹੈ।

ਲਿਵੀ ਦਾ ਇੱਕ ਜਾਣਕਾਰ ਅਪਰਾਧੀ ਇੱਕ ਚਾਲ ਦਾ ਸਿਕਾਰ ਹੋ ਗਿਆ, ਜਦੋਂ ਉਹ ਹਸਪਤਾਲ ਵਿੱਚ ਇਲਾਜ ਕਰਵਾ ਰਿਹਾ ਸੀ। ਇੱਕ ਵਿਰੋਧੀ ਗੈਂਗ ਨੇ ਉਸਨੂੰ ਇੱਕ ਔਰਤ ਦੇ ਭੇਸ ਵਿੱਚ ਇੰਸਟਾਗ੍ਰਾਮ ਸੰਦੇਸ ਭੇਜੇ ਅਤੇ ਕਿਹਾ ਕਿ ਉਹ ਉਸ ਨੂੰ ਪਸੰਦ ਕਰਦੀ ਹੈ।

ਲਿਵੀ ਦੱਸਦੇ ਹਨ,“ਉਹ ਹਸਪਤਾਲ ਵਿੱਚ ਸੀ ਅਤੇ ਉਸਨੇ ਕਿਹਾ, ‘ਆਓ ਮੈਨੂੰ ਮਿਲੋ’। ਫਿਰ ਵਿਰੋਧੀ ਗੈਂਗ ਉਸਨੂੰ ਹਸਪਤਾਲ ਵਿੱਚ ਮਿਲਣ ਗਿਆ ਅਤੇ ਉਸ ‘ਤੇ ਹਮਲਾ ਕੀਤਾ। ਇਹ ਇੱਕ ਘਿਨਾਉਣੀ ਘਟਨਾ ਸੀ।“

ਅਪਾਹਜਤਾ ਵਾਲੀ ਜਿੰਦਾਦਗੀ ਬਾਰੇ ਗੱਲਬਾਤ ਕਰਨ ਲਈ ਉਨ੍ਹਾਂ ਦਾ ਪਸੰਦੀਦਾ ਵਿਅਕਤੀ ਇੱਕ ਹੋਰ ਗਰੋਹ ਮੈਂਬਰ ਹੈ, ਜੋ ਅਮਰੀਕਾ ਵਿੱਚ ਰਹਿੰਦਾ ਹੈ। ਹਾਲਾਂਕਿ ਹੁਣ ਉਹ ਗਿਰੋਹਾਂ ਵਿੱਚ ਕੰਮ ਕਰਨਾ ਛੱਡ ਚੁੱਕਿਆ ਹੈ। ਗਿਰੋਹਬਾਜੀ ਦੌਰਾਨ ਜਦੋਂ ਉਸ ਦੀ ਪੂਰੀ ਚੜ੍ਹਾਈ ਸੀ ਤਾਂ ਡੱਲਾਸ ਵਿੱਚ 30 ਡਰੱਗ ਹਾਊਸ ਚਲਾਉਂਦਾ ਸੀ। ਫਿਰ ਉਸ ਦਾ ਗੈਂਗ ,ਉਸ ਦੇ ਖਿਲਾਫ ਹੋ ਗਿਆ।

“ਗਿਰੋਹ ਵਾਲਿਆਂ ਨੇ ਉਸ ਦੇ ਸਿਰ ਵਿੱਚ ਗੋਲੀ ਮਾਰੀ ਜੋ ਸਿੱਧੀ ਦੋਹਾਂ ਆਪਟਿਕ ਨਸਾਂ ਵਿੱਚੋਂ ਲੰਘ ਗਈ ਅਤੇ ਮਰਨ ਲਈ ਛੱਡ ਦਿੱਤਾ ਗਿਆ।”

ਹੌਲੀ- ਹੌਲੀ ਕਿਸੇ ਤਰ੍ਹਾਂ ਉਹ ਉੱਠਣ- ਬੈਠਣ ਦੇ ਤਾਂ ਕਾਬਲ ਹੋ ਗਏ ਪਰ ਨਜਰ ਜਾਂਦੀ ਰਹੀ।

ਕੁਝ ਅਪਰਾਧੀ, ਜਿਨ੍ਹਾਂ ਨਾਲ ਲਿਵੀ ਨੇ ਗੱਲ ਕੀਤੀ ਹੈ, ਉਹ ਆਪਣੇ ਅਪਾਹਜ ਦੋਸਤਾਂ ਅਤੇ ਪਰਿਵਾਰ ਦੀ ਦੇਖਭਾਲ ਕਰਨ ਵਾਲੇ ਵੀ ਹਨ।

ਉਹ ਕਹਿੰਦੇ ਹਨ, “ਬਹੁਤ ਸਾਰੇ ਨੌਜਵਾਨ ਆਪਣੇ ਮਾਪਿਆਂ ਦੀ ਦੇਖਭਾਲ ਕਰ ਰਹੇ ਹਨ। ਮੈਂ ਇਸ ਨਾਲ ਉਨ੍ਹਾਂ ਦੇ ਅਪਰਾਧਾਂ ਨੂੰ ਜਾਇਜ ਨਹੀਂ ਠਹਿਰਾਵਾਂਗੀ, ਪਰ ਇਹ ਸਮਝਣ ਦੀ ਲੋੜ ਹੈ ਕਿ ਇਹ ਕਿਹੜੀ ਚੀਜ ਹੈ, ਜੋ ਉਨ੍ਹਾਂ ਨੂੰ ਪੈਸੇ ਦੀ ਲੋੜ ਵੱਲ ਧੱਕਦੀ ਹੈ।“

ਬਿਮਾਰੀ ਦਾ ਅਸਰ

ਲਿਵੀ ਦਾ ਐਮਐਸ ਉਨ੍ਹਾਂ ਦੀਆਂ ਲੱਤਾਂ ਅਤੇ ਨਜਰ ਨੂੰ ਪ੍ਰਭਾਵਿਤ ਕਰਦਾ ਹੈ, ਅਤੇ ਉਹ ਆਪਣੇ ਪਾਸਿਆਂ ਵਿੱਚ “ਬਿਜਲੀ ਦੇ ਝਟਕਿਆਂ“ ਵਰਗੀ ਟੱਸ- ਟੱਸ ਮਹਿਸੂਸ ਕਰਦੇ ਹਨ। ਇਹ ਬਿਮਾਰੀ ਦਾ ਇੱਕ ਜਾਣਿਆ-ਪਛਾਣਿਆ ਲੱਛਣ ਹੈ।

ਮਰੀਜ ਨੂੰ ਆਪਣੀ ਗੱਲ ਕਹਿਣ ਲਈ ਸਹੀ ਸਬਦ ਲੱਭਣ ਵਿੱਚ ਵੀ ਮੁਸਕਲ ਹੋ ਸਕਦੀ ਹੈ ਕਿਉਂਕਿ ਉਨ੍ਹਾਂ ਦੇ ਦਿਮਾਗ ਵਿੱਚ ਸੁਨੇਹੇ ਰਲਗੱਡ ਹੋ ਜਾਂਦੇ ਹਨ: “ਮੈਂ ਕਈ ਵਾਰ ਕੁਝ ਦਾ ਕੁਝ ਬੋਲ ਦਿੰਦੀ ਹਾਂ।“

ਇਲਾਜ ਦੌਰਾਨ ਮਾਈਲਿਨ ਦੀ ਘਟਦੀ ਮਾਤਰਾ ਨੂੰ ਠੀਕ ਰੱਖਣ ਲਈ ਹਰ ਛੇ ਹਫਤਿਆਂ ਵਿੱਚ ਦਵਾਈ ਦੀ ਇੱਕ ਖੁਰਾਕ ਦਿੱਤੀ ਜਾਂਦੀ ਹੈ।

ਇਹ ਬਿਮਾਰੀ ਹੋਰ ਵੀ ਅਜਿਹੀਆਂ ਮੁਸਕਲਾਂ ਪੇਸ ਕਰਦੀ ਹੈ, ਜਿਨ੍ਹਾਂ ਦੀ ਤੁਹਾਨੂੰ ਉਮੀਦ ਵੀ ਨਹੀਂ ਹੁੰਦੀ। ਜਿਵੇਂ ਕੀ ਤੁਹਾਨੂੰ ਆਪਣੇ ਸੰਭਾਵੀ ਪਾਰਟਨਰਾਂ ਨੂੰ ਆਪਣੇ ਐਮਐਸ ਹੋਣ ਬਾਰੇ ਨੂੰ ਦੱਸਣਾ ਚਾਹੀਦਾ ਹੈ ਜਾਂ ਨਹੀਂ।

ਉਹ ਕਹਿੰਦੇ ਹਨ,“ਇਸ ਸਥਿਤੀ ਵਿੱਚ ਕਿਸੇ ਨੂੰ ਡੇਟ ਕਰਨ ਦੀ ਕੋਸਿਸ਼ ਕਰਨਾ ਬਹੁਤ ਮੁਸਕਲ ਹੈ। ਮੈਂ ਕਿਸੇ ਨੂੰ ਮਿਲਣਾ ਅਤੇ ਸੈਟਲ ਹੋਣਾ ਚਾਹੁੰਦੀ ਹਾਂ, ਪਰ ਇਹ ਬਿਮਾਰੀ ਮੇਰੇ ਵਿਰੁੱਧ ਜਾਪਦੀ ਹੈ।“

ਇੱਕ ਫ੍ਰੀਲਾਂਸਰ ਹੋਣ ਦੇ ਨਾਤੇ, ਉਨ੍ਹਾਂ ਨੂੰ ਹੁਣ ਆਪਣੀ ਜਿੰਦਗੀ ਅਤੇ ਕਰੀਅਰ ‘ਤੇ ਨਵੇਂ ਸਿਰੇ ਤੋਂ ਵਿਚਾਰ ਕਰਨਾ ਪਵੇਗਾ। ਕੋਈ ਪੱਕੀ ਨੌਕਰੀ ਨਾ ਹੋਣ ਕਾਰਨ ਉਨ੍ਹਾਂ ਨੇ ਦੇਖਣਾ ਸੀ ਕਿ ਕੰਮ ਨਾ ਕਰਨ ਦੀ ਸੂਰਤ ਵਿੱਚ ਖਰਚੇ ਕਿਵੇਂ ਚੱਲਣਗੇ।

“ਮੈਂ ਵਿਹਲੀ ਰਹਿਣ ਤੋਂ ਹਮੇਸਾ ਘਬਰਾਉਂਦੀ ਹਾਂ, ਤੁਸੀਂ ਕੰਮ ਕਰਨ ਤੋਂ ਨਾਂਹ ਨਹੀਂ ਕਰਦੇ ਕਿਉਂਕਿ ਫਿਕਰ ਰਹਿੰਦੀ ਹੈ ਕਿ ਉਹ ਤੁਹਾਨੂੰ ਦੁਬਾਰਾ ਨਹੀਂ ਪੁੱਛਣਗੇ।“

ਪਰ ਭਾਵੇਂ ਉਨ੍ਹਾਂ ਦੀ ਪੇਸੇਵਰ ਜਿੰਦਗੀ ਇੱਕ ਨਵਾਂ ਮੋੜ ਲੈ ਰਹੀ ਹੈ ਪਰ ਫਿਲਹਾਲ ਉਨ੍ਹਾਂ ਦੀ ਯੋਜਨਾ ਆਪਣੇ ਸੰਪਰਕਾਂ ‘ਤੇ ਭਰੋਸਾ ਕਰਨਾ ਜਾਰੀ ਰੱਖਣ ਦੀ ਹੈ, ਜੋ ਸਾਇਦ ਸਮਝਦੇ ਹਨ ਕਿ ਉਹ ਕਿਸ ਸਥਿਤੀ ਵਿੱਚੋਂ ਗੁਜਰ ਰਹੇ ਹਨ।

“ਮੈਂ ਇੱਕ ਜਣੇ ਨੂੰ ਜਾਣਦੀ ਹਾਂ ਜਿਸਨੇ ਜਿੰਦਾਦਾਤਰ ਸਮਾਂ ਜੇਲ੍ਹ ਵਿੱਚ ਬਿਤਾਇਆ ਹੈ, ਇੱਕ ਵਾਰ ਉਹ ਆਪਣੇ ਬਿਸਤਰੇ ਤੋਂ ਡਿੱਗ ਗਿਆ ਅਤੇ ਪਿੱਠ ‘ਤੇ ਗੰਭੀਰ ਸੱਟਾਂ ਲੱਗੀਆਂ। ਅਸੀਂ ਬਹੁਤ ਗੱਲਾਂ ਕਰਦੇ ਹਾਂ ਕਿਉਂਕਿ ਸਾਡੇ ਵਿੱਚ ਬਹੁਤ ਸਾਂਝ ਹੈ।“

“ਅਸੀਂ ਡਕੈਤੀਆਂ ਬਾਰੇ ਗੱਲ ਕਰਦੇ- ਕਰਦੇ ‘ਤੁਹਾਡੀ ਸਿਹਤ ਕਿਵੇਂ ਹੈ ? ਤੱਕ ਚਲੇ ਗਏ।“

ਇਸ ਤਰ੍ਹਾਂ ਲਿਵੀ ਨੂੰ ਅਪਣੀ ਬੀਮਾਰੀ ਵਿੱਚ ਉਨ੍ਹਾਂ ਲੋਕਾਂ ਤੋਂ ਸਹਾਰਾ ਮਿਲਿਆ ਜਿਨ੍ਹਾਂ ਤੋਂ ਸਾਇਦ ਉਨ੍ਹਾਂ ਨੂੰ ਸਹਾਰੇ ਦੀ ਉਮੀਦ ਵੀ ਨਹੀਂ ਸੀ। ਜਿੰਦਾਦਗੀ ਵਿੱਚ ਉਮੀਦ ਦੇ ਬੂਹੇ ਹਮੇਸਾ ਖੁੱਲ੍ਹੇ ਰਹਿਣੇ ਚਾਹੀਦੇ ਹਨ।

ਪ੍ਰੋ. ਨਵ ਸੰਗੀਤ ਸਿੰਘ ਨੂੰ ਮਿਲਿਆ ਹਿੰਦੀ ਲਘੂਕਥਾ ਪੁਰਸਕਾਰ

ਤਲਵੰਡੀ ਸਾਬੋ : ਸਥਾਨਕ ਅਕਾਲ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਅਧਿਆਪਕ ਪ੍ਰੋ. ਨਵ ਸੰਗੀਤ ਸਿੰਘ ਨੂੰ ਮਹਾਰਾਸਟਰ ਵੱਲੋਂ ਹਿੰਦੀ ਮਿੰਨੀ ਕਹਾਣੀ ਦੀ ਇੱਕ ਪ੍ਰਤਿਯੋਗਤਾ ਲਈ ਉਤਸ਼ਾਹ ਵਧਾਊ ਪੁਰਸਕਾਰ ਪ੍ਰਾਪਤ ਹੋਇਆ ਹੈ।

ਮਾਰਚ ਦੇ ਮਹੀਨੇ ਡਾ. ਰਿਚਾ ਸ਼ਰਮਾ (ਅਹਿਮਦਨਗਰ ਕਾਲਜ ਅਹਿਮਦਨਗਰ, ਮਹਾਰਾਸਟਰ) ਦੇ ਪ੍ਰਬੰਧ ਅਧੀਨ “ਆਚਾਰੀਆ ਜਗਦੀਸ ਚੰਦਰ ਮਿਸ਼ਰ ਲਘੂਕਥਾ ਪ੍ਰਤਿਯੋਗਤਾ 2023“ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿੱਚ ਦੇਸ਼ ਦੇ 100 ਤੋਂ ਵਧੀਕ ਲੇਖਕਾਂ ਨੇ ਹਿੱਸਾ ਲਿਆ। ਕੱਲ੍ਹ ਦੇਰ ਸ਼ਾਮ ਘੋਸਿਤ ਹੋਏ ਨਤੀਜੇ ਵਿੱਚ ਪਹਿਲੇ ਤਿੰਨ ਇਨਾਮਾਂ ਤੋ ਇਲਾਵਾ ਚਾਰ ਉਤਸ਼ਾਹ ਵਧਾਊ ਇਨਾਮ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪ੍ਰਮਾਣ ਪੱਤਰ ਤੋਂ ਬਿਨਾਂ ਨਕਦ ਰਾਸ਼ੀ ਵੀ ਦਿੱਤੀ ਜਾਵੇਗੀ। ਇਸ ਨਤੀਜੇ ਲਈ ਹਿੰਦੀ ਦੇ ਪ੍ਰਸਿੱਧ ਲਘੂਕਥਾਕਾਰ ਸ਼੍ਰੀ ਰਾਮੇਸ਼ਵਰ ਕੰਬੋਜ ਅਤੇ ਸ਼੍ਰੀ ਸੁਕੇਸ਼ ਸਾਹਨੀ ਨੇ ਨਿਰਣਾਇਕ ਵਜੋਂ ਜ਼ਿੰਮੇਵਾਰੀ ਨਿਭਾਈ। ਜ਼ਿਕਰਯੋਗ ਹੈ ਕਿ ਪ੍ਰੋ. ਨਵ ਸੰਗੀਤ ਸਿੰਘ ਜਿੱਥੇ ਪੰਜਾਬੀ ਦੇ ਜਾਣੇ ਪਛਾਣੇ ਲੇਖਕ, ਅਨੁਵਾਦਕ ਅਤੇ ਰੀਵਿਊਕਾਰ ਹਨ, ਉੱਥੇ ਉਹ ਹਿੰਦੀ ਵਿੱਚ ਨਿਰੰਤਰ ਮਿੰਨੀ ਕਹਾਣੀ ਵਿਧਾ ਵੱਲ ਧਿਆਨ ਦੇ ਰਹੇ ਹਨ। ਉਨ੍ਹਾਂ ਨੇ ਹਿੰਦੀ ਵਿੱਚ ਬਹੁਤ ਸਾਰੀਆਂ ਕਿਤਾਬਾਂ ਦੇ ਰੀਵਿਊ ਅਤੇ ਮਿੰਨੀ ਕਹਾਣੀਆਂ ਦੀ ਰਚਨਾ ਕੀਤੀ ਹੈ, ਜੋ ਪ੍ਰਸਿੱਧ ਹਿੰਦੀ ਪੱਤਰ ਪੱਤ੍ਰਿਕਾਵਾਂ ਵਿੱਚ ਪ੍ਰਕਾਸ਼ਿਤ ਹੋ ਰਹੀਆਂ ਹਨ। ਪ੍ਰੋ. ਸਿੰਘ ਨੂੰ ਹਿੰਦੀ ਮਿੰਨੀ ਕਹਾਣੀ ਵਿੱਚ ਪੁਰਸਕ੍ਰਿਤ ਹੋਣ ਤੇ ਉਨ੍ਹਾਂ ਦੇ ਸ਼ੁਭਚਿੰਤਕਾਂ ਅਤੇ ਹਿੰਦੀ ਸਾਹਿਤਕਾਰਾਂ ਵੱਲੋਂ ਸ਼ੁਭ ਸੰਦੇਸ ਪ੍ਰਾਪਤ ਹੋ ਰਹੇ ਹਨ।

ਅੰਮ੍ਰਿਤਸਰ ਧਮਾਕਾ

ਅਸੀਂ ਸਾਰੇ ਪੱਖਾਂ ਦੀ ਜਾਂਚ ਕਰ ਰਹੇ ਹਾਂ : ਡੀਜੀਪੀ

ਪੰਜਾਬ ਦੇ ਪੁਲਿਸ ਮੁਖੀ ਗੌਰਵ ਯਾਦਵ ਨੇ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਨੇੜਲੇ ਵਿਰਾਸਤੀ ਗਲਿਆਰੇ ਵਿੱਚ ਸ਼ਨੀਵਾਰ ਰਾਤ ਅਤੇ ਸੋਮਵਾਰ ਸਵੇਰੇ ਦੋ ਘੱਟ ਸਮਰੱਥਾ ਵਾਲੇ ਧਮਾਕੇ ਹੋਣ ਦੀ ਪੁਸ਼ਟੀ ਕੀਤੀ ਹੈ।

ਵਿਰਾਸਤੀ ਗਲਿਆਰਾ ਅੰਮ੍ਰਿਤਸਰ ਵਿੱਚ ਇੱਕ ਪੁਰਾਣਾ ਰਸਤਾ ਹੈ, ਜਿਸ ਨੂੰ ਟਾਊਨ ਹਾਲ ਤੋਂ ਲੈ ਕੇ ਹਰਿਮੰਦਰ ਸਾਹਿਬ ਤੱਕ ਪੁਰਾਤਨ ਇਮਾਰਤੀ ਦਿੱਖ ਦਿੱਤੀ ਗਈ ਹੈ, ਇਸ ਵਿੱਚ ਸਿੱਖ ਇਤਿਹਾਸ, ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਹੋਏ ਬੁੱਤ ਵੀ ਲਗਾਏ ਗਏ ਹਨ। ਇਹ ਕਾਫੀ ਭੀੜ-ਭੜੱਕੇ ਵਾਲਾ ਖੇਤਰ ਹੈ।

ਸੋਮਵਾਰ ਸਵੇਰੇ ਕਰੀਬ 6 ਵਜੇ ਦੇ ਆਸ ਪਾਸ ਧਮਾਕੇ ਹੋਣ ਦੀਆਂ ਰਿਪੋਰਟਾਂ ਤੋਂ ਬਾਅਦ ਡੀਜੀਪੀ ਆਪ ਮੌਕਾ-ਏ-ਵਾਰਦਾਤ ਉੱਤੇ ਪਹੁੰਚੇ ਅਤੇ ਬਾਅਦ ਵਿੱਚ ਉਨ੍ਹਾਂ ਮੀਡੀਆ ਨਾਲ ਧਮਾਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਪੁਲਿਸ ਦਾ ਕਹਿਣਾ ਹੈ ਕਿ ਫਿਲਹਾਲ ਸਥਿਤੀ ਕਾਬੂ ਵਿੱਚ ਹੈ ਅਤੇ ਅੱਤਵਾਦ ਸਣੇ ਸਾਰੇ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ। ਇਸ ਧਮਾਕੇ ਵਿੱਚ ਅਜੇ ਤੱਕ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ।

'ਲਟਕਾਇਆ ਹੋਇਆ ਸੀ ਵਿਸਫੋਟਕ' - ਡੀਜੀਪੀ

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, "ਅਮ੍ਰਿਤਸਰ ਵਿੱਚ ਦੋ ਧਮਾਕੇ ਹੋਏ ਹਨ, ਇੱਕ ਸ਼ਨੀਵਾਰ ਰਾਤ 11:30 ਦੇ ਨੇੜੇ ਤੇ ਇੱਕ ਸੋਮਵਾਰ ਨੂੰ ਸਵੇਰੇ। ਦੋਵੇਂ ਧਮਾਕਿਆਂ 'ਚ ਮੁਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਇਹ ਘੱਟ ਸਮਰੱਥਾ ਵਾਲੇ ਧਮਾਕੇ ਸਨ, ਜਿਹੜੇ ਕਿ ਉੱਪਰ, ਜਿੱਥੇ ਅਸੀਂ ਖੜ੍ਹੇ ਹਾਂ ਵਿਰਾਸਤੀ ਗਲਿਆਰੇ 'ਚ, ਉੱਥੇ ਹੋਏ ਹਨ।"

"ਸਾਡੀ ਫੋਰੈਂਸਿਕ ਟੀਮ ਮੌਕੇ 'ਤੇ ਮੌਜੂਦ ਹੈ। ਸਾਨੂੰ ਕੋਈ ਵੀ ਟ੍ਰਿਗਰਿੰਗ ਮੈਕੈਨਿਜ਼ਮ ਜਾਂ ਡੈਟੋਨੇਟਰ ਮੌਕੇ 'ਤੇ ਨਹੀਂ ਮਿਲਿਆ ਹੈ, ਜਿਸ ਦੀ ਮਦਦ ਨਾਲ ਧਮਾਕਾ ਕੀਤਾ ਗਿਆ ਹੋਵੇ।"

ਉਨ੍ਹਾਂ ਕਿਹਾ ਕਿ "ਅਜਿਹਾ ਡਿਵਾਈਸ ਨਾ ਮਿਲਣ ਦਾ ਮਤਲਬ ਹੈ ਕਿ ਇਹ ਕੋਈ ਕਰੂਡ ਕਿਸਮ ਦਾ ਡਿਵਾਈਸ ਸੀ। ਅਸੀਂ ਇਸ ਦੀ ਗਹਿਰਾਈ ਨਾਲ ਜਾਂਚ ਕਰਾਂਗੇ। ਅਸੀਂ ਕੋਈ ਐਂਗਲ ਰੂਲ ਆਊਟ ਨਹੀਂ ਕਰ ਰਹੇ।"

"ਅਸੀਂ ਦੇਖਾਂਗੇ ਕਿ ਕੀ ਇਹ ਕਿਸੇ ਸ਼ਰਾਰਤੀ ਬੰਦੇ ਦੀ ਕਰਨੀ ਹੈ ਜਾਂ ਕੋਈ ਸੋਚਿਆ ਸਮਝਿਆ ਧਮਾਕਾ ਹੈ। ਜਾਂਚ 'ਚ ਅਸੀਂ ਹਰ ਪਹਿਲੂ ਨੂੰ ਜਾਂਚਾਂਗੇ ਕਿ ਇਹ ਕਿਵੇਂ ਹੋਇਆ।"

ਘਟਨਾ ਕਿਵੇਂ ਹੋਈ ਇਸ ਬਾਰੇ ਜਾਣਕਾਰੀ ਦਿੰਦਿਆਂ ਡੀਜੀਪੀ ਨੇ ਕਿਹਾ, "ਵਿਰਾਸਤੀ ਸਟ੍ਰੀਟ ਵਿੱਚ ਵਿਸਫੋਟਕ ਉੱਪਰੋਂ ਹੇਠਾਂ ਵੱਲ ਨੂੰ ਲਟਕ ਰਿਹਾ ਸੀ। ਅਸੀਂ ਸੀਸੀਟੀਵੀ ਪੂਰੀ ਤਰ੍ਹਾਂ ਦੇਖ ਰਹੇ ਹਾਂ ਕਿ ਉਹ ਕਿਸੇ ਨੇ ਖਿੱਚ ਦਿੱਤਾ, ਉਹ ਹੇਠਾਂ ਡਿੱਗਿਆ ਤੇ ਤੇਜ਼ ਆਵਾਜ਼ ਵਾਲਾ ਧਮਾਕਾ ਹੋ ਗਿਆ।"

ਉਨ੍ਹਾਂ ਕਿਹਾ, "ਪੰਜਾਬ ਪੁਲਿਸ ਪੂਰੀ ਤਰ੍ਹਾਂ ਸਮਰੱਥ ਹੈ। ਇੱਥੇ ਸਭ ਕੁਝ ਆਮ ਵਾਂਗ ਚੱਲ ਰਿਹਾ ਹੈ ਅਤੇ ਅਸੀਂ ਪੂਰੀ ਸ਼ਾਂਤੀ ਬਣਾ ਕੇ ਰੱਖਾਂਗੇ। ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ ਤੇ ਅਫ਼ਵਾਹਾਂ 'ਤੇ ਭਰੋਸਾ ਨਾ ਕਰੋ।"

ਚਸ਼ਮਦੀਦਾਂ ਨੇ ਕੀ ਦੱਸਿਆ

ਡੀਜੀਪੀ ਤੋਂ ਪਹਿਲਾਂ ਖ਼ਬਰ ਏਜੰਸੀ ਏਐਨਆਈ ਨਾਲ ਗੱਲ ਕਰਦਿਆਂ ਅਮ੍ਰਿਤਸਰ ਦੇ ਏਡੀਸੀਪੀ ਮਹਿਤਾਬ ਸਿੰਘ ਨੇ ਕਿਹਾ, "ਅਸੀਂ ਜਾਂਚ ਕਰ ਰਹੇ ਹਾਂ। ਇੱਥੇ ਸਥਿਤੀ ਠੀਕ ਹੈ।"

"ਐਂਟੀ-ਸੈਬੋਟੇਜ, ਬੰਬ ਸਕੁਐਡ ਅਤੇ ਐਫਐਸਐਲ (ਫੋਰੈਂਸਿਕ) ਟੀਮਾਂ ਇੱਥੇ ਮੌਜੂਦ ਹਨ। ਇੱਕ ਵਿਅਕਤੀ ਨੂੰ ਲੱਤ ਵਿੱਚ ਮਾਮੂਲੀ ਸੱਟ ਲੱਗੀ ਹੈ।"

ਉਨ੍ਹਾਂ ਕਿਹਾ, "ਜਾਂਚ ਤੋਂ ਬਾਅਦ ਹੀ ਅਸੀਂ ਦੱਸ ਸਕਾਂਗੇ ਕਿ ਇਹ ਸਭ ਕਿਵੇਂ ਵਾਪਰਿਆ।

ਪੁਲਿਸ ਮੁਤਾਬਕ, ਇਸ ਧਮਾਕੇ ਵਿੱਚ ਨੇੜੇ-ਤੇੜੇ ਦੀਆਂ ਕੁਝ ਇਮਾਰਤਾਂ ਦੇ ਸ਼ੀਸ਼ੇ ਵੀ ਟੁੱਟ ਗਏ ਹਨ।

ਅਜੇ ਤੱਕ ਧਮਾਕੇ ਪਿਛਲੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

ਖ਼ਬਰ ਏਜੰਸੀ ਏਐਨਆਈ ਮੁਤਾਬਕ, ਧਮਾਕੇ ਵਾਲੀ ਥਾਂ ਦੇ ਨੇੜੇ ਹੀ ਸਫ਼ਾਈ ਕਰ ਰਹੇ ਇੱਕ ਸਫ਼ਾਈ ਕਰਮਚਾਰੀ ਨੇ ਦੱਸਿਆ, "ਮੈਂ ਇੱਥੇ ਹੀ ਸਫ਼ਾਈ ਦਾ ਕੰਮ ਕਰਦਾ ਹਾਂ ਅਤੇ ਜਿਸ ਵੇਲੇ ਮੈਂ ਆਪਣਾ ਕੰਮ ਕਰ ਰਿਹਾ ਸੀ, ਮੈਂ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ। ਮੈਂ ਦੇਖਿਆ ਕਿ ਉੱਥੇ ਬਹੁਤ ਧੂੰਆਂ ਸੀ।"

ਇੱਕ ਚਸ਼ਮਦੀਦ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਆਪਣੇ ਕਮਰੇ 'ਚ ਤਿਆਰ ਹੋ ਰਹੇ ਸਨ ਜਦੋਂ ਸਾਹਮਣੇ ਸੜਕ 'ਤੇ ਇੱਕ ਧਮਾਕਾ ਹੋਇਆ।

ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੇ ਬਾਹਰ ਆ ਕੇ ਦੇਖਿਆ ਤਾਂ ਬਾਹਰ ਕਾਫ਼ੀ ਧੂੰਆਂ ਸੀ 'ਤੇ ਇੱਕ-ਦੋ ਵਿਅਕਤੀ ਇੱਧਰ-ਉੱਧਰ ਭੱਜ ਗਏ।

ਸ਼ਨੀਵਾਰ ਰਾਤ ਨੂੰ ਵੀ ਹੋਇਆ ਸੀ ਧਮਾਕਾ

ਲੰਘੇ ਸ਼ਨੀਵਾਰ ਨੂੰ ਇਸੇ ਤਰ੍ਹਾਂ ਦਾ ਇੱਕ ਘੱਟ ਸਮਰੱਥਾ ਵਾਲਾ ਧਮਾਕਾ ਇਸੇ ਹੈਰੀਟੇਜ ਸਟ੍ਰੀਟ ਵਿੱਚ ਹੋਇਆ ਸੀ।

ਘਟਨਾ ਸਥਾਨ ਉੱਤੇ ਪਹੁੰਚੇ ਸੀਨੀਅਰ ਪੁਲਿਸ ਅਫਸਰਾਂ ਨੇ ਕਿਹਾ ਸੀ ਕਿ ਇਹ ਧਮਾਕਾ ਹਲਵਾਈ ਦੀ ਦੁਕਾਨ ਦੀ ਚਿਮਨੀ ਦੇ ਗਰਮ ਹੋ ਕੇ ਸ਼ੀਸ਼ਾ ਟੁੱਟਣ ਨਾਲ ਹੋਇਆ ਹੈ।

ਪਰ ਸ਼ਾਮ ਤੱਕ ਪੁਲਿਸ ਨੂੰ ਕੁਝ ਸ਼ੱਕੀ ਕਿਸਮ ਦੇ ਸੁਰਾਗ ਹੱਥ ਲੱਗੇ ਸਨ ਅਤੇ ਇਸ ਦੀ ਜਾਂਚ ਲਈ ਮੁਹਾਲੀ ਤੋਂ ਮਾਹਰ ਟੀਮਾਂ ਬੁਲਾਈਆਂ ਗਈਆਂ ਸਨ।

ਅਮ੍ਰਿਤਸਰ ਪੁਲਿਸ ਕਮਿਸ਼ਨਰ ਨੇ ਇੱਕ ਟਵੀਟ ਕਰਦਿਆਂ ਇਸ ਧਮਾਕੇ ਦੀ ਪੁਸ਼ਟੀ ਕੀਤੀ ਸੀ ਅਤੇ ਲਿਖਿਆ ਸੀ, "ਅੰਮ੍ਰਿਤਸਰ 'ਚ ਧਮਾਕੇ ਨਾਲ ਜੁੜੀ ਇੱਕ ਖ਼ਬਰ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਸਥਿਤੀ ਕਾਬੂ ਹੇਠ ਹੈ।" "ਘਟਨਾ ਦੇ ਤੱਥਾਂ ਨੂੰ ਪਤਾ ਕਰਨ ਲਈ ਜਾਂਚ ਜਾਰੀ ਹੈ ਅਤੇ ਘਬਰਾਉਣ ਦੀ ਕੋਈ ਲੋੜ ਨਹੀਂ ਹੈ।" "ਨਾਗਰਿਕਾਂ ਨੂੰ ਸਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕਰਦੇ ਹਾਂ, ਸੋਸਲ ਮੀਡਿਆ ਤੇ ਸਾਂਝਾ ਕਰਨ ਤੋਂ ਪਹਿਲਾਂ ਤੱਥਾਂ ਦੀ ਜਾਂਚ ਕਰੋ।"ਖ਼ਬਰ ਏਜੰਸੀ ਪੀਟੀਆਈ ਦੀ ਰਿਪੋਰਟ ਮੁਤਾਬਕ, ਪੁਲਿਸ ਨੇ ਐਤਵਾਰ ਨੂੰ ਦੱਸਿਆ ਸੀ ਕਿ ਇੱਥੇ ਹਰਿਮੰਦਰ ਸਾਹਿਬ ਦੇ ਨੇੜੇ ਇੱਕ ਵਿਰਾਸਤੀ ਗਲਿਆਰੇ 'ਤੇ ਹੋਏ ਧਮਾਕੇ ਵਿੱਚ ਇੱਕ ਵਿਅਕਤੀ ਨੂੰ ਮਾਮੂਲੀ ਸੱਟਾਂ ਲੱਗੀਆਂ ਅਤੇ ਕੁਝ ਇਮਾਰਤਾਂ ਦੇ ਸੀਸੇ ਟੁੱਟ ਗਏ। ਹਰਿਮੰਦਰ ਸਾਹਿਬ ਦੇ ਇੱਕ ਕਿਲੋਮੀਟਰ ਦੇ ਦਾਇਰੇ ਵਿੱਚ ਇਸ ਧਮਾਕੇ ਦੀ ਆਵਾਜ ਸੁਣੀ ਗਈ ਸੀ।

ਜੱਸਾ ਸਿੰਘ ਰਾਮਗੜ੍ਹੀਆ ਦੀ ਹਵੇਲੀ ਢਾਹੁਣ ਦਾ ਮਾਮਲਾ ਭਖਿਆ

ਸ੍ਰੀ ਹਰਗੋਬਿੰਦਪੁਰ: ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸ੍ਰੀ ਹਰਗੋਬਿੰਦਪੁਰ ਸਥਿਤ ਹਵੇਲੀ ਨੂੰ ਢਹਿ-ਢੇਰੀ ਕਰਨ ਦਾ ਮਾਮਲਾ ਭਖ ਗਿਆ ਹੈ। ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਨਿਵਾਸ ਸਥਾਨ ਦੇ ਦੌਰੇ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮਹਾਨ ਜਰਨੈਲ ਦੀਆਂ ਪੁਰਾਤਨ ਨਿਸ਼ਾਨੀਆਂ ਬਚਾਉਣ ਲਈ ਯਤਨ ਕੀਤੇ ਜਾਣ। ਵਿਰਾਸਤੀ ਮੰਚ ਬਟਾਲਾ, ਇੰਡੀਅਨ ਨੈਸ਼ਨਲ ਟਰੱਸਟ ਫ਼ੌਰ ਆਰਟ ਐਂਡ ਕਲਚਰਲ ਹੈਰੀਟੇਜ ਦੇ ਅੰਮ੍ਰਿਤਸਰ ਚੈਪਟਰ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫ਼ਾਊਂਡੇਸ਼ਨ ਬਟਾਲਾ, ਸਾਹਿਲ-ਏ-ਬਿਆਸ ਖੇਡ ਤੇ ਸੱਭਿਆਚਾਰਕ ਸੁਸਾਇਟੀ ਦੇ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ 18ਵੀਂ ਸਦੀ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਸ੍ਰੀ ਹਰਗੋਬਿੰਦਪੁਰ ਸਾਹਿਬ ਸਥਿਤ ਨਿਵਾਸ ਸਥਾਨ ਨੂੰ ਇੱਕ ਸੰਸਥਾ ਵਲੋਂ ਢਾਹੇ ਜਾਣ ਤੋਂ ਤੁਰੰਤ ਰੋਕਿਆ ਜਾਵੇ ਤਾਂ ਜੋ ਇਹ ਇਤਿਹਾਸਕ ਸਮਾਰਕ ਨਿਸ਼ਾਨੀ ਵਜੋਂ ਕਾਇਮ ਰਹਿ ਸਕੇ।

ਵਿਰਾਸਤੀ ਮੰਚ ਬਟਾਲਾ ਦੇ ਬੁਲਾਰੇ ਇੰਦਰਜੀਤ ਸਿੰਘ ਹਰਪੁਰਾ ਨੇ ਦੱਸਿਆ ਕਿ ਸਿੱਖ ਮਿਸਲਾਂ ਦੇ ਦੌਰ ਦੌਰਾਨ ਸ੍ਰੀ ਹਰਗੋਬਿੰਦਪੁਰ ਸਾਹਿਬ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ

ਰਾਜਧਾਨੀ ਰਿਹਾ ਹੈ। ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਨਿਵਾਸ ਸਥਾਨ ਸੀ, ਜੋ ਕਿ ਅੱਜ ਵੀ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਸੰਨ 1803 'ਚ ਇੱਥੇ ਹੀ ਜੱਸਾ ਸਿੰਘ ਰਾਮਗੜ੍ਹੀਆ ਦਾ ਅਕਾਲ ਚਲਾਣਾ ਹੋਇਆ ਸੀ।ਹਰਪੁਰਾ ਨੇ ਦੱਸਿਆ ਕਿ ਸਾਲ 2015 'ਚ ਰਾਮਗੜ੍ਹੀਆ ਸਿੱਖ

ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਨੇ ਸੇਵਾ ਸੰਭਾਲ ਕਰ ਰਹੀ ਸੰਸਥਾ 'ਤੇ ਪੁਰਾਤਨ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ

ਹੈਰੀਟੇਜ ਟਰੱਸਟ ਵਲੋਂ ਇਸ ਇਤਿਹਾਸਕ ਇਮਾਰਤ ਦੀ ਮੁਰੰਮਤ ਅਤੇ ਸੰਭਾਲ ਕਰਨ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਤਤਕਾਲੀ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਕੋਲੋਂ ਰਖਵਾਇਆ ਗਿਆ ਸੀ। ਟਰੱਸਟ ਦੇ ਅਹੁਦੇਦਾਰਾਂ ਨੇ ਸੰਗਤ ਨੂੰ ਇਹ ਭਰੋਸਾ ਦਿੱਤਾ ਸੀ ਕਿ ਉਹ ਜੱਸਾ ਸਿੰਘ ਰਾਮਗੜ੍ਹੀਆ ਦੀ ਰਿਹਾਇਸ਼ ਦੀ ਬਿਲਕੁੱਲ ਪੁਰਾਣੇ ਨਕਸ਼ੇ ਤਹਿਤ ਮੁਰੰਮਤ ਕਰ ਕੇ ਸੰਭਾਲ ਕਰਨਗੇ ਪਰ ਹੁਣ ਇਤਿਹਾਸਕ ਇਮਾਰਤ ਨੂੰ ਪੂਰੀ ਤਰ੍ਹਾਂ ਢਾਹ ਕੇ ਨਵੀਂ ਦਿੱਖ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੇਵਾ ਕਰ ਰਹੇ ਟਰੱਸਟ ਵਲੋਂ ਬਿਲਕੁੱਲ ਉਲਟ ਜਾ ਕੇ ਕੰਮ ਕੀਤਾ ਜਾ ਰਿਹਾ ਹੈ। ਉਕਤ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਇਸ ਇਤਿਹਾਸਕ ਇਮਾਰਤ ਨੂੰ ਢਾਹੁਣਾ ਬੰਦ ਕਰਵਾ ਕੇ ਟਰੱਸਟ ਕੋਲੋਂ ਪਹਿਲਾਂ ਦੇ ਨਕਸ਼ੇ ਮੁਤਾਬਿਕ ਹੀ ਇਮਾਰਤ ਤਿਆਰ ਕਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਕਿ ਸ੍ਰੀ ਹਰਗੋਬਿੰਦਪੁਰ ਸ਼ਹਿਰ 'ਚ ਇਤਿਹਾਸਕ ਤਲਾਬ ਤੋਂ ਇਲਾਵਾ ਹੋਰ ਵੀ ਜਿਹੜੀਆਂ ਇਤਿਹਾਸਕ ਥਾਵਾਂ 'ਤੇ ਨਾਜਾਇਜ਼ ਕਬਜ਼ੇ ਹੋਏ ਹਨ, ਉਨ੍ਹਾਂ ਨੂੰ ਵੀ ਛੁਡਵਾ ਕੇ ਸਰਕਾਰ ਆਪਣੇ ਅਧੀਨ ਲਵੇ।

ਜੱਸਾ ਸਿੰਘ ਰਾਮਗੜ੍ਹੀਆ ਦੇ ਨਿਵਾਸ ਸਥਾਨ ਦੇ ਦੌਰੇ ਮੌਕੇ ਉਪਰਕੋਤ ਸੰਸਥਾਵਾਂ ਦੇ ਅਹੁਦੇਦਾਰ ਬਲਦੇਵ ਸਿੰਘ ਰੰਧਾਵਾ, ਗਗਨਦੀਪ ਸਿੰਘ ਵਿਰਕ, ਰਾਜਪ੍ਰੀਤ ਸਿੰਘ ਢਿੱਲੋਂ, ਠੇਕੇਦਾਰ ਕੁਲਵਿੰਦਰ ਸਿੰਘ ਲਾਡੀ ਜੱਸਲ, ਗੁਰਦਰਸ਼ਨ ਸਿੰਘ ਬਟਾਲਾ ਤੇ ਸੁਖਦੇਵ ਸਿੰਘ ਰੰਧਾਵਾ ਹਾਜ਼ਰ ਸਨ।ਰਾਮਗੜ੍ਹੀਆ ਸਿੱਖ ਹੈਰੀਟੇਜ ਟਰੱਸਟ ਦੇ ਸਰਪ੍ਰਸਤ ਕੁਸ਼ਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਿੱਖ ਕੌਮ ਦੇ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਹਵੇਲੀ 'ਚ ਪੁਰਾਤਨ ਨਿਸ਼ਾਨੀਆਂ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਭਵਿੱਖ 'ਚ ਇੱਥੇ ਬਣਨ ਵਾਲੀ ਇਮਾਰਤ ਦੇ ਨਕਸ਼ੇ ਦੀਆਂ ਤਸਵੀਰਾਂ ਜਾਰੀ ਕਰਦਿਆਂ ਕਿਹਾ ਕਿ ਇਸ ਸਥਾਨ ਨੂੰ ਖ਼ੂਬਸੂਰਤ ਦਿੱਖ ਦਿੱਤੀ ਜਾਵੇਗੀ। ਉਨ੍ਹਾਂ ਹਵੇਲੀ ਨੂੰ ਢਹਿ-ਢੇਰੀ ਕਰਨ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ।

ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ 118 ਸਟ੍ਰੀਟ ਰਿਚਮੰਡ ਹਿੱਲ ਦੀ ਨਵੀਂ ਬਣੀ ਕਮੇਟੀ ਦੀ ਪਹਿਲੀ ਮੀਟਿੰਗ ਹੋਈ

ਪ੍ਰਧਾਨ ਭੁਪਿੰਦਰ ਸਿੰਘ ਬੋਪਰਾਏ ਨੇ ਪਹੁੰਚੇ ਹੋਏ ਸਮੂਹ ਮੀਡੀਆ ਦਾ ਕੀਤਾ ਸੁਆਗਤ



ਨਿਊਯਾਰਕ (ਪ੍ਰੀਤਨਾਮਾ ਬਿਓਰੋ) : ਬੀਤੇ ਦਿਨੀਂ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਇਨ 118 ਸਟ੍ਰੀਟ ਸਾਊਥ ਰਿਚਮੰਡ ਹਿੱਲ ਨਿਊਯਾਰਕ ਦੇ ਨਵੇਂ ਪ੍ਰਧਾਨ ਭੁਪਿੰਦਰ ਸਿੰਘ ਬੋਪਰਾਏ ਦੀ ਅਗਵਾਈ ਹੇਠ ਪਹਿਲੀ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਦਾ ਆਯੋਜਨ ਨਵੇਂ ਬਣੇ ਪ੍ਰਧਾਨ ਦੀ ਅਗਵਾਈ ਹੇਠ ਪੀ ਆਰ ਓ ਵੱਲੋਂ ਕੀਤਾ ਗਿਆ ਸੀ।ਇਸ ਮੌਕੇ ਪ੍ਰਧਾਨ ਭੁਪਿੰਦਰ ਸਿੰਘ ਬੋਪਰਾਏ, ਪਬਲਿਕ ਰਿਲੇਸ਼ਨ ਅਫਸਰ ਬਲਵਿੰਦਰ ਸਿੰਘ ਗੁਰਦਾਸਪੁਰ ਅਤੇ ਹਰਬੰਸ ਢਿੱਲੋਂ ਵੀ ਮੌਜੂਦ ਸਨ। ਮੀਟਿੰਗ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਗੁਰੁਦਆਰਾ ਸਾਹਿਬ ਦੀ ਬਣੀ ਨਵੀਂ ਕਮੇਟੀ ਵੱਲੋਂ ਹਰ ਮੀਟਿੰਗ ਦੀ ਜਾਣਕਾਰੀ ਮੀਡੀਆ ਨੂੰ ਦਿੱਤੀ ਜਾਵੇਗੀ ਤਾਂ ਜੋ ਕਮਿਉਨਿਟੀ ਦੇ ਹਰ ਇੱਕ ਵਿਅਕਤੀ ਨੂੰ ਸਾਡੇ ਬਾਰੇ ਸਹੀ ਜਾਣਕਾਰੀ ਮਿਲ ਸਕੇ। ਉਨ੍ਹਾਂ ਕਿਹਾ ਕਿ ਕਿਸੇ ਵੀ ਮੀਡੀਆ ਅਦਾਰੇ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਮੇਟੀ ਦੇ ਹਰ ਇੱਕ ਮੈਂਬਰ ਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਹ ਮੈਂਬਰ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਏਗਾ। ਕਮੇਟੀ ਦੇ ਸਾਰੇ ਮੈਂਬਰ ਹੀ ਆਪਣੇ ਆਪਣੇ ਕੰਮਾਂ ਨੂੰ ਬਾਦਰੁਸਤ ਕਰ ਰਹੇ ਹਨ। ਉਨ੍ਹਾਂ ਸਮੂਹ ਸੰਗਤ ਨੂੰ ਅਪੀਲ ਵੀ ਕੀਤੀ ਕਿ ਜੇਕਰ ਕੋਈ ਸੱਜਣ ਸਾਡੇ ਕਮੇਟੀ ਲਈ ਆਪਣੇ ਕੀਮਤੀ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਹ ਪਬਲਿਕ ਰਿਲੇਸ਼ਨ ਅਫਸਰ ਬਲਵਿੰਦਰ ਸਿੰਘ ਗੁਰਦਾਸਪੁਰ ਲਾਲ ਸੰਪਰਕ ਵੀ ਕਰ ਸਕਦਾ ਹੈ। ਕਮੇਟੀ ਦੇ ਪ੍ਰਧਾਨ ਸਾਹਿਬ ਨੇ ਅੱਗੇ ਕਿਹਾ ਕਿ ਅਸੀਂ ਕੌਮ ਦੀ ਚੜ੍ਹਦੀਕਲਾ ਲਈ ਹਰ ਸਮੇਂ ਤਿਆਰ ਬਰ ਤਿਆਰ ਹਾਂ ਅਤੇ ਅੱਜ ਦੀ ਮੀਟਿੰਗ ਵਿਚ ਮੀਡੀਆ ਨਾਲ ਗੱਲਬਾਤ ਕਰਨ ਦਾ ਮਕਸਦ ਵੀ ਇਹੀ ਸੀ।ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਹਰ ਇੱਕ ਕਮੇਟੀ ਮੈਂਬਰ ਨੂੰ ਉਸ ਦੇ ਅਹੁਦੇ ਮੁਤਾਬਕ ਪਾਵਰ ਵੀ ਦਿੱਤੀ ਗਈ ਹੈ। ਅੰਤ ਵਿਚ ਉਨ੍ਹਾਂ ਮੁੜ ਕਿਹਾ ਕਿ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦੀ ਸਾਡੇ ਤੋਂ ਜਾਣਕਾਰੀ ਲੈਣਾ ਚਾਹੁੰਦੇ ਹੋ ਜਾਂ ਆਪਣੇ ਕੀਮਤੀ ਸੁਝਾਅ ਸਾਨੂੰ ਦੇਣਾ ਚਾਹੁੰਦੇ ਹੋ ਤਾਂ ਸਾਨੂੰ 646-286-0084 ਤੇ ਸੰਪਰਕ ਕਰ ਸਕਦੇ ਹੋ।

ਕਿੰਗ ਚਾਰਲਸ-3 ਦੀ ਤਾਜਪੋਸ਼ੀ ਦੇ 2000 ਮਹਿਮਾਨ ਬਣੇ ਗਵਾਹ

ਲੰਡਨ: ਚਾਰਲਸ-3 ਨੂੰ ਸ਼ਨੀਵਾਰ ਲੰਡਨ ਦੇ ਵੈਸਟਮਿਨਸਟਰ ਐਬੇ 'ਚ ਇੱਕ ਸ਼ਾਨਦਾਰ ਸਮਾਰੋਹ 'ਚ ਇੱਕ ਰਿਵਾਇਤੀ ਰਸਮ ਨਾਲ ਸ਼ਾਹੀ ਰਾਜੇ ਦਾ 360 ਸਾਲ ਪੁਰਾਣਾ ਤਾਜ ਪਹਿਨਾਇਆ ਗਿਆ। ਇਹ ਸਮਾਰੋਹ 70 ਸਾਲ ਪਹਿਲਾਂ ਉਨ੍ਹਾਂ ਦੀ ਮਾਂ ਮਹਾਰਾਣੀ ਐਲਿਜ਼ਾਬੈੱਥ-2 ਦੀ ਯਾਦਗਾਰੀ ਤਾਜਪੋਸ਼ੀ ਤੋਂ ਬਾਅਦ ਤਿਆਰ ਕੀਤਾ ਗਿਆ ਸੀ। ਰਾਜਾ ਚਾਰਲਸ ਨੇ 1661 'ਚ ਬਣਿਆ ਸੇਂਟ ਐਡਵਰਡ ਦਾ ਤਾਜ ਪਹਿਨਿਆ ਜਦੋਂ ਕਿ ਰਾਣੀ ਕੈਮਿਲਾ ਦੁਆਰਾ ਪਹਿਨੇ ਗਏ ਤਾਜ 'ਚ ਕੋਹਿਨੂਰ ਹੀਰਾ ਨਹੀਂ ਸੀ ਜੜਿਆ ਹੋਇਆ ਸੀ। ਲਗਭਗ ਹਜ਼ਾਰ ਸਾਲ ਪੁਰਾਣੀ ਰਸਮ ਦੀ ਸ਼ੁਰੂਆਤ ਚਾਰਲਸ-39 ਦੁਆਰਾ ਕੈਂਟਰਬਰੀ ਦੇ ਆਰਚਬਿਸ਼ਪ ਦੇ ਸਾਹਮਣੇ ਅਹੁਦੇ ਦੀ ਸਹੁੰ ਚੁੱਕਣ ਨਾਲ ਹੋਈ ਜਿਸ 'ਚ ਬ੍ਰਿਟੇਨ ਦੇ ਪਹਿਲੇ ਹਿੰਦੂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੁਆਰਾ ਬਾਈਬਲ ਦੇ ਚੈਪਟਰ ਦਾ ਇੱਕ ਅੰਸ਼ ਪੜ੍ਹਿਆ ਜਾਣਾ ਵੀ ਸ਼ਾਮਿਲ ਹੈ।

ਤਾਜਪੋਸ਼ੀ ਲਈ ਭਾਰਤ ਅਤੇ ਵਿਦੇਸ਼ਾਂ ਤੋਂ ਦੋ ਹਜ਼ਾਰ ਮਹਿਮਾਨਾਂ ਨੂੰ ਸੱਦਾ ਦਿੱਤਾ ਗਿਆ। ਭਾਰਤ ਦੇ ਉੱਪ ਰਾਸ਼ਟਰਪਤੀ ਜਗਦੀਪ ਧਨਖੜ ਵੀ ਆਪਣੀ ਪਤਨੀ ਡਾ ਸੁਦੇਸ਼ ਧਨਖੜ ਨਾਲ ਲੰਡਨ ਪਹੁੰਚੇ। ਇੱਥੇ ਬਕਿੰਘਮ ਪੈਲੇਸ 'ਚ ਆਯੋਜਿਤ ਸਮਾਗਮ 'ਚ ਉਪ ਰਾਸ਼ਟਰਪਤੀ ਦਾ ਸਵਾਗਤ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਲੰਡਨ 'ਚ ਹੋਣ ਵਾਲੇ ਤਾਜਪੋਸ਼ੀ ਸਮਾਗਮ ਤੋਂ ਪਹਿਲਾਂ ਕਿੰਗ ਚਾਰਲਸ ਤੀਜੇ ਨਾਲ ਵੀ ਮੁਲਾਕਾਤ ਕੀਤੀ। ਇਸ ਮੁਲਾਕਾਤ ਦੀ ਜਾਣਕਾਰੀ ਉੱਪ ਰਾਸ਼ਟਰਪਤੀ ਦੇ ਟਵਿੱਟਰ ਹੈਂਡਲ ਤੋਂ ਸਾਂਝੀ ਕੀਤੀ ਗਈ ਹੈ।ਧਾਰਮਿਕ ਰਸਮ 'ਚ ਚਾਰਲਸ ਤੇ ਉਸ ਦੀ ਪਤਨੀ ਕੈਮਿਲਾ ਦੁਆਰਾ ਅਹੁਦੇ ਦੀ ਨਾਲ-ਨਾਲ ਸਹੁੰ ਚੁੱਕਣ ਲਈ ਪ੍ਰਮਾਤਮਾ ਨੂੰ ਗਵਾਹ ਮੰਨਦਿਆਂ ਇੱਕ ਪ੍ਰਤੀਕਾਤਮਕ ਪੁਨਰ-ਵਿਆਹ ਕਰਨਾ ਵੀ ਸ਼ਾਮਿਲ ਹੈ। ਚਾਰਲਸ ਦੀ ਤਾਜਪੋਸ਼ੀ ਦੌਰਾਨ ਵਰਤਿਆ ਗਿਆ ਤਖਤ ਮਈ 1937 'ਚ ਰਾਜਾ ਜੌਰਜ-4 ਅਤੇ ਮਹਾਰਾਣੀ ਐਲਿਜ਼ਾਬੈੱਥ ਦੀ ਤਾਜਪੋਸ਼ੀ ਲਈ ਦੁਬਾਰਾ ਬਣਾਇਆ ਗਿਆ ਸੀ। ਸ਼ਨੀਵਾਰ ਦੀ ਤਰ੍ਹਾਂ ਉਸ ਦਿਨ ਵੀ ਇੱਥੇ ਬਾਰਿਸ਼ ਹੋਈ ਸੀ। ਵੈਸਟਮਿਨਸਟਰ ਐਬੀ 1066 'ਚ ਵਿਲੀਅਮ ਪਹਿਲੇ ਦੇ ਸਮੇਂ ਤੋਂ ਹਰ ਬ੍ਰਿਟਿਸ਼ ਤਾਜਪੋਸ਼ੀ ਦਾ ਗਵਾਹ ਰਿਹਾ ਹੈ।

ਚਾਰਲਸ-3 (74) ਅਤੇ ਉਨ੍ਹਾਂ ਦੀ ਪਤਨੀ ਕੈਮਿਲਾ (75) ਨੇ ਵੀ ਇਸੇ ਪ੍ਰੰਪਰਾ ਦਾ ਪਾਲਣ ਕੀਤਾ ਹੈ। ਹਿੰਦੂ, ਸਿੱਖ, ਮੁਸਲਿਮ, ਬੋਧੀ ਅਤੇ ਯਹੂਦੀ ਭਾਈਚਾਰਿਆਂ ਦੇ ਨੁਮਾਇੰਦਿਆਂ ਨੇ ਚਾਰਲਸ ਦੀ ਤਾਜਪੋਸ਼ੀ ਤੋਂ ਪਹਿਲਾਂ ਐਬੇ 'ਚ ਮਾਰਚ ਕੀਤਾ ਤੇ ਸਮਾਰੋਹ ਦੌਰਾਨ ਬ੍ਰਿਟਿਸ਼ ਸੰਸਦ ਦੇ ਉਪਰਲੇ ਸਦਨ ਹਾਊਸ ਔਫ਼ ਲੌਰਡਜ਼ ਦੇ ਭਾਰਤੀ ਮੂਲ ਦੇ ਮੈਂਬਰਾਂ ਨੇ ਚਾਰਲਸ ਨੂੰ ਰਵਾਇਤੀ ਪੋਸ਼ਾਕ ਸੌਂਪੀ। ਚਾਰਲਸ ਅਤੇ ਕੈਮਿਲਾ ਇੱਕ ਸ਼ਾਹੀ ਗੱਡੀ 'ਚ ਵੈਸਟਮਿੰਸਟਰ ਪੈਲੇਸ ਤੋਂ ਐਬੇ ਪਹੁੰਚੇ।

ਪਵਿੱਤਰ ਕਾਲੀ ਵੇਈਂ 'ਚ ਜਲਦੀ ਹੀ ਵਹੇਗਾ ਸਾਫ਼ ਪਾਣੀ



ਕਪੂਰਥਲਾ: ਪੰਜਾਬ 'ਚ 165 ਕਿਲੋਮੀਟਰ ਲੰਬੀ ਪਵਿੱਤਰ ਕਾਲੀ ਵੇਈਂ ਨੂੰ ਸਾਫ਼ ਕਰਨ ਦਾ ਮਿਸ਼ਨ, ਜੋ ਕਿ ਤਕਰੀਬਨ 23 ਸਾਲ ਪਹਿਲਾਂ ਅਸੰਭਵ ਜਾਪਦਾ ਸੀ, ਜਲਦ ਹੀ ਹਕੀਕਤ ਦਾ ਰੂਪ ਧਾਰਨ ਕਰਨ ਜਾ ਰਿਹਾ ਹੈ। ਵਾਤਾਵਰਣ ਪ੍ਰੇਮੀ ਅਤੇ ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਜੁੜੀ ਇਸ ਵੇਈਂ ਦੀ ਸਫ਼ਾਈ ਦਾ 90 ਫ਼ੀਸਦੀ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਨਵੰਬਰ ਤਕ ਇਸ 'ਚ ਸਾਫ਼ ਪਾਣੀ ਵਹਿਣਾ ਸ਼ੁਰੂ ਹੋ ਜਾਵੇਗਾ। ਸਾਲ 2000 'ਚ ਸੀਚੇਵਾਲ ਵਲੋਂ ਸ਼ੁਰੂ ਕੀਤੇ ਗਏ ਇਸ ਦੇ ਪਾਣੀ ਨੂੰ ਸਾਫ਼ ਕਰਨ ਦੇ ਮਿਸ਼ਨ ਤੋਂ ਪਹਿਲਾਂ ਇਹ ਵੇਈਂ ਡਰੇਨ 'ਚ ਤਬਦੀਲ ਹੋ ਗਈ ਸੀ ਅਤੇ ਸ਼ਹਿਰਾਂ ਅਤੇ ਪਿੰਡਾਂ ਦਾ ਗੰਦਾ ਪਾਣੀ ਇਸ 'ਚ ਛੱਡਿਆ ਜਾ ਰਿਹਾ ਸੀ।

ਸਿੱਖਾਂ ਦਾ ਮੰਨਣਾ ਹੈ ਕਿ ਗੁਰੂ ਨਾਨਕ ਦੇਵ ਜੀ ਕਾਲੀ ਵੇਈਂ ਦੇ ਕੰਢੇ ਸੁਲਤਾਨਪੁਰ ਲੋਧੀ ਵਿਖੇ 14 ਸਾਲ ਠਹਿਰੇ ਸਨ ਅਤੇ ਉਨ੍ਹਾਂ ਨੇ ਇਸ 'ਚ ਇਸ਼ਨਾਨ ਕਰਨ ਤੋਂ ਬਾਅਦ ਗਿਆਨ ਪ੍ਰਾਪਤ ਕੀਤਾ ਸੀ। ਇਹ 165 ਕਿਲੋਮੀਟਰ ਲੰਬੀ ਵੇਈਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਧਨੋਆ ਤੋਂ ਨਿਕਲਦੀ ਹੈ ਅਤੇ ਸੁਲਤਾਨਪੁਰ ਲੋਧੀ, ਕਪੂਰਥਲਾ ਦੇ ਪਿੰਡ ਫ਼ੱਤੇਵਾਲ ਨੇੜੇ ਬਿਆਸ ਦਰਿਆ 'ਚ ਜਾ ਕੇ ਮਿਲਦੀ ਹੈ। ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਸੀਚੇਵਾਲ ਨੇ ਕਿਹਾ ਕਿ ਇਸ ਵੇਈਂ ਨੂੰ ਮੁੜ ਸੁਰਜੀਤ ਕਰਨ ਦਾ ਕੰਮ ਲਗਭਗ ਪੂਰਾ ਹੋ ਗਿਆ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ 8 ਪਿੰਡਾਂ ਪਰੋਜ, ਪ੍ਰੇਮਪੁਰ, ਤਲਵੰਡੀ, ਦਾਦਿਆਨ, ਹਮੀਰਪੁਰ ਅਤੇ ਕਪੂਰਥਲਾ ਦੇ ਚਾਣਚੱਕ, ਡੋਗਰਾਂਵਾਲ, ਨਾਨਕਪੁਰ ਅਤੇ ਸੈਦੋ ਭੁਲਾਣਾ ਦੇ ਸੀਵਰੇਜ ਦੇ ਪਾਣੀ ਨੂੰ ਇਸ 'ਚ ਪੈਣ ਤੋਂ ਰੋਕਣ ਲਈ ਕੰਮ ਜਾਰੀ ਹੈ। ਪਵਿੱਤਰ ਵੇਈਂ 'ਚ ਗੰਦੇ ਪਾਣੀ ਦੇ ਵਹਾਅ ਨੂੰ ਰੋਕਣ ਲਈ ਦਸੂਹਾ, ਟਾਂਡਾ, ਭੁਲੱਥ, ਬੇਗੋਵਾਲ, ਸੁਲਤਾਨਪੁਰ ਲੋਧੀ ਅਤੇ ਕਪੂਰਥਲਾ 'ਚ ਛੇ ਸੀਵਰੇਜ ਟਰੀਟਮੈਂਟ ਪਲਾਂਟ (ਐਸਟੀਪੀ) ਲਾਏ ਗਏ ਹਨ। ਸੈਦੋ ਭੁਲਾਣਾ 'ਚ ਐਸਟੀਪੀ ਇੰਸਟਾਲੇਸ਼ਨ ਦਾ ਕੰਮ ਚੱਲ ਰਿਹਾ ਹੈ। ਸੀਚੇਵਾਲ ਨੇ ਲੋਕਾਂ ਦੇ ਸਹਿਯੋਗ ਨਾਲ ਵੇਈਂ ਦੀ ਸਫ਼ਾਈ ਦੀ ਮੁਹਿੰਮ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਯਤਨਾਂ ਨੂੰ ਵਿਆਪਕ ਤੌਰ 'ਤੇ ਮਾਨਤਾ ਮਿਲੀ ਅਤੇ ਮਰਹੂਮ ਰਾਸ਼ਟਰਪਤੀ ਏ.ਪੀ.ਜੇ.ਅਬਦੁਲ ਕਲਾਮ ਨੇ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ 2006 'ਚ ਉਨ੍ਹਾਂ ਦੇ ਕੰਮ ਨੂੰ ਦੇਖਣ ਲਈ ਇੱਥੇ ਉਨ੍ਹਾਂ ਦੇ ਪਿੰਡ ਦਾ ਦੌਰਾ ਕੀਤਾ। ਪਹਿਲਾਂ ਕਾਲੀ ਵੇਈਂ ਦੇ ਕੰਢੇ ਵਸੇ 47 ਪਿੰਡਾਂ ਦਾ ਗੰਦਾ ਪਾਣੀ ਇਸ ਪੈ ਰਿਹਾ ਸੀ। 'ਸੀਚੇਵਾਲ ਮਾਡਲ 'ਦੀ ਮਦਦ ਨਾਲ 39 ਪਿੰਡਾਂ ਦੇ ਗੰਦੇ ਛੱਪੜਾਂ ਦੀ ਸਫ਼ਾਈ ਕੀਤੀ ਗਈ ਹੈ।

ਹਫਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180

PRITPAL KAUR
Editor-In-Chief
+1 201-312-4180
+1 917-328-8436

ADVISORY BOARD

ਜੋਗਾ ਸਿੰਘ
****
ਜਸਵਿੰਦਰ ਸਿੰਘ ਨਿਊਜਰਸੀ
****
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
****
ਜੀ. ਐਸ ਸਿੰਘ ਪੰਜਾਬ
****
ਸੁਜਾਨ ਨਾਗ, ਯੂ.ਐਸ.ਏ.
****
ਸਰਬਜੀਤ ਕੌਰ ਪੰਜਾਬ
****
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
****
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
****

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

ਸਮੱਸਿਆਵਾਂ ਤੋਂ ਡਰਕੇ ਨਹੀਂ ਸਗੋਂ ਡਟ ਕੇ ਮੁਕਾਬਲਾ ਕਰਨਾ ਹੀ ਜ਼ਿੰਦਗੀ

ਹਰਪ੍ਰੀਤ ਸਿੰਘ ਬਰਾੜ
ਸਿਹਤ,ਸਿੱਖਿਆ ਅਤੇ ਸਮਾਜਿਕ ਲੇਖਕ
ਮੇਨ ਏਅਰ ਫੋਰਸ ਰੋਡ,ਬਠਿੰਡਾ

ਜਿੰਦਗੀ ਦੀ ਭੱਜਦੌੜ ਕਾਰਨ ਜਿਆਦਾਤਰ ਲੋਕਾਂ 'ਚ ਤਣਾਅ, ਗੁੱਸਾ, ਪ੍ਰੇਸ਼ਾਨੀ ਅਤੇ ਡਰ ਦੇਖਣ ਨੂੰ ਮਿਲਦਾ ਹੈ, ਥੋੜੀ ਜਿਹੀ ਝਿੜਕ ਜਾਂ ਘਰ 'ਚ ਨੋਕਝੋਕ ਹੋਣ 'ਤੇ ਜਲਦ ਹੀ ਅਣਸੁਖਾਵੇਂ ਜਾਂ ਗਲਤ ਫੈਸਲੇ ਲੈਂਦੇ ਹਨ।ਅੱਜ ਦੇ ਆਧੁਨਿਕ ਯੁੱਗ 'ਚ ਛੋਟੇ ਬੱਚਿਆਂ ਤੋਂ ਲੈਕੇ ਵੱਡੇ ਬਜੁਰਗ, ਪੜ੍ਹੇ-ਲਿਖੇ ਅਤੇ ਅਮੀਰ ਤੋਂ ਲੈਕੇ ਗਰੀਬ ਤੱਕ ਸਾਰੇ ਵਰਗਾਂ 'ਚ ਆਤਮਹੱਤਿਆ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਹਰ ਰੋਜ਼ ਖੁਦਕੁਸ਼ੀ ਦੀਆਂ ਖ਼ਬਰਾ ਦੇਖਣ ਸੁਣਨ ਨੂੰ ਮਿਲਦੀਆਂ ਹਨ। ਦੇਸ਼ 'ਚ ਆਤਮਹੱਤਿਆ ਦੇ ਕੁਝ ਕਾਰਨ ਜਿਵੇਂ ਪੇਸ਼ੇਵਰ ਸਮੱਸਿਆਵਾਂ, ਹਿੰਸਾ, ਘਰੇਲੂ ਕਲੇਸ਼,ਆਰਥਕ ਨੁਕਸਾਨ, ਹੀਣ ਭਾਵਨਾ ਅਤੇ ਮਾਨਸਕ ਵਿਕਾਰ ਹਨ। ਪੇਂਡੂ ਇਲਾਕਿਆਂ ਦੀ ਬਰਾਬਰੀ 'ਚ ਸ਼ਹਿਰਾਂ 'ਚ ਆਤਮਹੱਤਿਆ ਦਰ ਜਿਆਦਾ ਹੈ। ਹਰ ਆਤਮਹੱਤਿਆ ਵਿਨਾਸ਼ਕਾਰੀ ਹੁੰਦੀ ਹੈ ਅਤੇ ਇਸਦਾ ਉਸਦੇ ਆਲੇ -ਦੁਆਲੇ ਦੇ ਲੋਕਾਂ 'ਤੇ ਡੂੰਘਾ ਅਸਰ ਪੈਂਦਾ ਹੈ। ਹਾਲਾਂਕਿ ਜਾਗਰੂਕਤਾ ਵਧਾ ਕੇ ਅਸੀਂ ਦੁਨੀਆਂ 'ਚ ਆਤਮਹੱਤਿਆ ਦੀਆਂ ਘਟਨਾਂਵਾ ਨੂੰ ਘੱਟ ਕਰ ਸਕਦੇ ਹਾਂ।ਆਤਮਹੱਤਿਆ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਜਿੰਦਗੀ ਨਿਰੰਤਰ ਚੱਲਣ ਦਾ ਨਾਂਅ ਹੈ, ਜਿਸ ਵਿਚ ਦੁੱਖ-ਸੁੱਖ ਆਉਂਦੇ ਹੀ ਰਹਿੰਦੇ ਹਨ।ਮੁਸ਼ਕਿਲਾਂ ਤੋਂ ਡਰ ਜਾਣਾ ਜਾਂ ਹਾਰ ਮੰਨ ਲੈਣਾ ਤਾਂ ਕਮਜ਼ੋਰੀ ਹੈ ਅਤੇ ਆਤਮਹੱਤਿਆ ਉਸੇ ਕਮਜ਼ੋਰੀ ਅਤੇ ਕਾਇਰਤਾ ਦੀ ਨਿਸ਼ਾਨੀ ਹੈ। ਪਸ਼ੂ-ਪੰਛੀ ਵੀ ਕਦੇ ਹਾਰ ਨਹੀਂ ਮੰਨਦੇ ਅਤੇ ਕਦੇ ਆਤਮਹੱਤਿਆ ਨਹੀਂ ਕਰਦੇ, ਉਹ ਹਰ ਹਾਲ 'ਚ ਜਿਉਣਾ ਸਿੱਖ ਜਾਂਦੇ ਹਨ।ਅਸੀਂ ਤਾਂ ਫਿਰ ਵੀ ਇਨਸਾਨ ਹਾਂ, ਸਾਡੇ ਕੋਲ ਦਿਮਾਗ ਹੈ ,ਸੰਜ਼ਮ ਹੈ।ਅਸੀਂ ਸ਼ਰੀਰਕ ਅਤੇ ਮਾਨਸਕ ਰੂਪ 'ਚ ਸਮਰੱਥ ਹਾਂ। ਸਾਡੇ ਕੋਲ ਮਦਦ ਕਰਨ ਲਈ ਰਿਸ਼ਤੇ-ਨਾਤੇ ,ਸੰਸਾਧਨ, ਸੰਸਥਾਂਵਾ, ਪ੍ਰਸ਼ਾਸਨ, ਕਾਇਦੇ-ਕਾਨੂੰਨ ਅਤੇ ਹੋਰ ਸਹੂਲਤਾਂ ਹਨ।ਤਾਂ ਫਿਰ ਅਸੀਂ ਹਾਰ ਕਿਉ ਮੰਨ ਲੈਂਦੇ ਹਾਂ ? ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਮੁਸੀਬਤਾਂ ਤੋਂ ਡਰ ਕੇ ਕਿਸ਼ਤੀ ਪਾਰ ਨਹੀਂ ਹੁੰਦੀ ਅਤੇ ਹਿੰਮਤ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ।ਕੀ ਅਸੀਂ ਦੁਨੀਆਂ ਵਿਚੋਂ ਸਭ ਤੋਂ ਜਿਆਦਾ ਦੁਖੀ ਹਾਂ ? ਨਹੀਂ ਕਦੇ ਨਹੀਂ।ਲੋਕ ਸਾਡੇ ਨਾਲੋਂ ਜਿਆਦਾ ਸਮੱਸਿਆਵਾਂ ਨਾਲ ਜੂਝ ਰਹੇ ਹਨ। ਜਿੰਦਗੀ ਪ੍ਰਤੀ ਸਿਰਫ ਸਾਡਾ ਨਜ਼ਰਿਆ ਬਦਲ ਗਿਆ ਹੈ, ਜਦੋਂ ਅਸੀਂ ਲੋਕਾਂ ਦੀਆਂ ਸਮੱਸਿਆਵਾਂ ਸੁਣਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੀ ਸਮੱਸਿਆ ਹੋਰਾਂ ਦੇ ਮੁਕਾਬਲੇ ਕੁਝ ਵੀ ਨਹੀਂ ਹੈ ਅਤੇ ਸਮਾਂ ਕਦੇ ਵੀ ਇਕ ਸਮਾਨ ਨਹੀਂ ਰਹਿੰਦਾ। ਸਮੱਸਿਆਵਾਂ ਨੂੰ ਵਧਾਉਣ 'ਚ ਸਾਡਾ ਸਭ ਤੋਂ ਵੱਡਾ ਹੱਥ ਹੈ, ਦੂਜਿਆਂ 'ਤੇ ਲੋੜ ਤੋਂ ਵੱਧ ਵਿਸ਼ਵਾਸ ,ਹੱਦੋਂ ਵੱਧ ਉਮੀਦ ਜਾਂ ਨਿਰਭਰਤਾ, ਮਾੜੀ ਸੰਗਤ, ਮਾੜੀਆਂ ਆਦਤਾਂ, ਲਾਲਚ, ਜਾਗੂਰਕ ਨਾ ਹੋਣਾ, ਨਿਯਮਾਂ ਨੂੰ ਤੋੜਨਾ, ਸੰਜ਼ਮ ਦੀ ਕਮੀ, ਆਤਮਚਿੰਤਨ ਨਾ ਕਰਨਾ, ਸਮਾਜ 'ਚ ਆਪਣੇ ਰੁਤਬੇ ਦਾ ਦਿਖਾਵਾ ਕਰਨਾ, ਅਸਲੀਅਤ ਨੂੰ ਝੂਠਲਾਉਣਾ, ਜਿੰਮੇਵਾਰੀ ਅਤੇ ਫਰਜ਼ ਤੋਂ ਦੂਰ ਭੱਜਣਾ, ਨਕਰਾਤਮਕ ਵਿਚਾਰਾਂ ਦਾ ਜਾਲ ਬੁਣਨਾ ਆਦਿ ਪਰਿਸਥਿਤੀਆਂ ਮਨੁੱਖ ਵੱਲੋਂ ਖੁਦ ਹੀ ਪੈਦਾ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਆਪਣੀ ਅਕਲਮੰਦੀ ਨਾਲ ਸੁਲਝਾ ਸਕਦਾ ਹੈ। ਸਮੱਸਿਆਵਾਂ ਤੋਂ ਡਰ ਕੇ ਭੱਜਣਾ ਕਾਇਰਤਾ ਅਤੇ ਬੁਦਜ਼ਿਲੀ ਅਖਵਾਉਂਦੀ ਹੈ।ਕੋਈ ਵੀ ਸਮੱਸਿਆ ਡਰ ਨਾਲ ਨਹੀਂ ਸਗੋਂ ਉਸ ਸਮੱਸਿਆ ਦਾ ਮੁਕਾਬਲਾ ਕਰਕੇ ਹੀ ਦੂਰ ਹੁੰਦੀ ਹੈ। ਇਮਾਨਦਾਰੀ ਅਤੇ ਸੱਚਾਈ ਨਾਲ ਜਿਉਣ ਲਈ ਚਾਹੇ ਕਿੰਨਾ ਵੀ ਸੰਘਰਸ਼ ਕਿਉਂ ਨਾ ਕਰਨਾ ਪਵੇ, ਤਾਂ ਲੋਕਲਾਜ਼ ਕਦੇ ਨਾ ਸੋਚੋ।ਸਾਡੇ ਆਲੇ -ਦੁਆਲੇ ਵੀ ਅਜਿਹੇ ਬਹੁਤ ਪ੍ਰੇਰਣਾਸਰੋਤ ਸਖਸ਼ੀਅਤਾਂ ਮਿਲ ਜਾਣਗੀਆਂ ਜ਼ੋ ਅੱਜ ਵੀ ਸੰਘਰਸ਼ ਭਰੀ ਜਿੰਦਗੀ ਜਿਉਂ ਕੇ ਸਮਾਜ ਦੇ ਸਾਹਮਣੇ ਇਕ ਮਿਸਾਲ ਕਾਇਮ ਕਰ ਰਹੇ ਹਨ। ਲਾਕਡਾਊਨ 'ਚ ਲੱਖਾਂ ਲੋਕਾਂ ਨੇ ਹਜਾਰਾਂ ਕਿਲੋਮੀਟਰ ਦਾ ਸਫਰ ਤੈਅ ਕੀਤਾ।ਸਾਡੇ ਦੇਸ਼ ਦੇ ਫੌਜੀ ਜਵਾਨ ਕੜਕਦੀ ਧੁੱਪ ਅਤੇ ਮਨਫ਼ੀ ਤਾਪਮਾਨ 'ਚ ਵੀ ਦੇਸ਼ ਦੀ ਰਾਖੀ ਲਈ ਸਰਹੱਦਾਂ 'ਤੇ ਡਟੇ ਰਹਿੰਦੇ ਹਨ। ਕਈ ਮੁਸ਼ਕਿਲ ਇਲਾਕਿਆਂ 'ਚ ਪੜ੍ਹਨ ਦੇ ਲਈ ਰੋਜ਼ ਜੰਗਲ, ਨਦੀ -ਨਾਲਿਆਂ ,ਖ਼ਰਾਬ ਰਸਤਿਆਂ ਤੋਂ ਹੋਕੇ ਲੰਘਦੇ ਬੱਚੇ।ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਨਾਲ ਜੂਝ ਰਹੇ ਮਿਹਨਤਕਸ਼ ਕਿਸਾਨ ਵੀ ਰੋਜਾਨਾ ਸੰਘਰਸ਼ ਹੀ ਕਰਦੇ ਹਨ।ਹੁਣ ਤਾਂ ਕਰੋਨਾ ਅਤੇ ਮਹਿੰਗਾਈ ਨੇ ਸੰਘਰਸ਼ ਨੂੰ ਹੋਰ ਵਧਾ ਦਿੱਤਾ ਹੈ।ਦੁਨੀਆਂ ਭਰ 'ਚ ਰੋਜ਼ ਕਰੋੜਾਂ ਲੋਕ ਬੇਘਰ, ਬੇਸਹਾਰਾ, ਅਨਾਥ, ਬਿਮਾਰ ਹੋਕੇ ਵੀ ਜਿੰਦਗੀ ਜਿਉਂਦੇ ਹਨ, ਜਿਨ੍ਹਾਂ ਨੂੰ ਢਿੱਡ ਭਰ ਕੇ ਖਾਣਾ ਵੀ ਨਸੀਬ ਨਹੀਂ ਹੁੰਦਾ ।ਵਿਸ਼ਵ ਦੀ ਅੱਧੀ ਅਬਾਦੀ ਗਰੀਬੀ 'ਚ ਜਿੰਦਗੀ ਬਸਰ ਕਰ ਰਹੀ ਹੈ, ਅੱਜ ਵੀ 75-80 ਸਾਲ ਦੇ ਬਜ਼ੁਰਗ ਦੋ ਡੰਗ ਦੀ ਰੋਟੀ ਦੇ ਲਈ ਕੰਮ ਕਰਦੇ ਹਨ । ਐਨੈ ਕਸ਼ਟ ਸਹਿਣ ਤੋਂ ਬਾਅਦ ਵੀ ਉਨ੍ਹਾਂ ਦਾ ਸੰਘਰਸ਼ ਜਾਰੀ ਹੈ ਅਤੇ ਇਸੇ ਨੂੰ ਹੀ ਜਿੰਦਾਦਿਲੀ ਕਹਿੰਦੇ ਹਨ।ਜਿੰਦਗੀ ਅਨਮੋਲ ਹੈ, ਸਾਰੀ ਜਿੰਦਗੀ ਦੀ ਦੌਲਤ ਵੇਚ ਕੇ ਵੀ ਇਕ ਪਲ ਦੀ ਜ਼ਿੰਦਗੀ ਨਹੀਂ ਖਰੀਦੀ ਜਾ ਸਕਦੀ।ਅਕਸਰ ਦੇਖਿਆ ਜਾਂਦਾ ਹੈ ਕਿ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੋਕ ਮਾਲੀ ਸੰਕਟ ਪੈਣ 'ਤੇ ਆਤਮਹੱਤਿਆ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਹਲਾਤਾਂ ਮੁਤਾਬਕ ਢਲਣ ਦੀ ਕੋਸ਼ਿਸ਼ ਨਹੀਂ ਕਰਦੇ।ਅਮੀਰੀ ਤੋਂ ਬਾਅਦ ਗਰੀਬੀ ਆਈ ਤਾਂ ਕੀ ਹੋਇਆ ? ਸੰਘਰਸ਼ ਕਰਨ-ਕੋਸ਼ਿਸ਼ ਕਰਨ ਤੋਂ ਕਿਉਂ ਡਰਨਾ, ਅੱਧੀ ਅਬਾਦੀ ਗਰੀਬੀ ਨਾਲ ਸੰਘਰਸ਼ ਕਰਕੇ ਜਿੰਦਗੀ ਗੁਜਾਰ ਰਹੀ ਹੈ। ਆਤਮਹੱਤਿਆ ਨੂੰ ਰੋਕਣਾ ਅਕਸਰ ਸੰਭਵ ਹੁੰਦਾ ਹੈ ਅਤੇ ਸਾਨੂੰ ਸਭ ਨੂੰ ਇਸ ਨੂੰ ਰੋਕਣ ਲਈ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ। ਆਪਣੇ ਯੋਗਦਾਨ ਨਾਲ ਅਸੀਂ ਕਿਸੇ ਦੇ ਮਾੜੇ ਸਮੇਂ 'ਚ -ਸਮਾਜ ਦੇ ਇਕ ਹਿੱਸੇ ਦੇ ਰੂਪ 'ਚ, ਬੱਚੇ ਦੇ ਰੂਪ 'ਚ, ਮਾਤਾ ਪਿਤਾ ਦੇ ਰੂਪ 'ਚ, ਦੋਸਤ -ਮਿੱਤਰ ਦੇ ਰੂਪ 'ਚ, ਨਾਲ ਕੰਮ ਕਰਨ ਵਾਲੇ ਸਾਥੀ ਦੇ ਰੂਪ 'ਚ ਜਾਂ ਇਕ ਗੁਆਂਢੀ ਦੇ ਰੂਪ 'ਚ ਕਿਸੇ ਦੇ ਮਾੜੇ ਸਮੇਂ 'ਚ ਬਦਲਾਅ ਲਿਆ ਸਕਦੇ ਹਾਂ। ਸਾਡੇ ਵੱਲੋਂ ਕੀਤੀ ਗਈ ਇਕ ਛੋਟੀ ਜਿਹੀ ਕੋਸ਼ਿਸ਼-ਇਕ ਛੋਟੀ ਜਿਹੀ ਪਰਵਾਹ ਕਿਸੇ ਦੀ ਜਿੰਦਗੀ ਬਚਾਅ ਸਕਦੀ ਹੈ।ਇਸ ਤਰ੍ਹਾਂ ਉਸ ਵਿਅਕਤੀ ਦੀ ਜਿੰਦਗੀ 'ਚ ਇਕ ਨਵੀਂ ਉਮੀਦ ਪੈਦਾ ਕੀਤੀ ਜਾ ਸਕਦੀ ਹੈ। ਆਓ ਪ੍ਰਣ ਕਰੀਏ ਕਿ ਅਸੀਂ ਸੰਘਰਸ਼ ਕਰਨ ਵਾਲਿਆਂ 'ਚ ਸਕਰਾਮਕ ਹੱਲਾਸ਼ੇਰੀ, ਆਤਮਵਿਸ਼ਵਾਸ ਜਗਾ ਕੇ ਅਤੇ ਉਨ੍ਹਾਂ ਨੂੰ ਹੌਂਸਲਾ ਦੇ ਕੇ ਮਜ਼ਬੂਤ ਕਰਨਾ ਹੈ।ਚੁਣੌਤੀਆਂ, ਅਸਫਲਤਾਵਾਂ, ਹਾਰਾਂ ਅਤੇ ਅੰਤ 'ਚ ਜਿੱਤ ਇਹੋ ਹਨ ਜੋ ਤੁਹਾਡੀ ਜਿੰਦਗੀ ਨੂੰ ਸਾਰਥਕ ਬਣਾਉਂਦੀਆਂ ਹਨ ਅਤੇ ਅੱਗੇ ਜਾ ਕੇ ਇਹੋ ਜਿੱਤ ਅਖਵਾਉਂਦੀ ਹੈ। ਇਸ ਲਈ ਕੁਝ ਵੀ ਹੋਵੇ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਜਿੰਨੀ ਵੀ ਜਿੰਦਗੀ ਮਿਲੀ ਹੈ ਜਿੰਦਾਦਿਲੀ ਨਾਲ ਜਿਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਬਾਲ ਸੰਸਾਰ

ਸਰਕਾਰੀ ਮਿਡਲ ਸਕੂਲ ਉਹੜਪੁਰ ਦਾ ਅੱਠਵੀਂ ਦਾ ਨਤੀਜਾ ਸ਼ਾਨਦਾਰ ਰਿਹਾ

ਉਹੜਪੁੜ- ਸਿੱਖਿਆ ਵਿਭਾਗ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੀ ਪ੍ਰੀਖਿਆ ਵਿੱਚ ਸਰਕਾਰੀ ਮਿਡਲ ਸਕੂਲ ਉਹੜਪੁਰ ਦਾ ਨਤੀਜਾ ਸ਼ਾਨਦਾਰ ਰਿਹਾ ਸਾਰੇ ਬੱਚੇ ਵਧੀਆ ਨੰਬਰ ਲੈ ਕੇ ਪਾਸ ਹੋਏ ਤੇ ਜਿਨਾ ਵਿਚ (ਮੁਸਕਾਨ ਦੀਪ ਕੌਰ-97.16%) (ਜਸਨਦੀਪ ਕੌਰ-96.16%) (ਨਵਪ੍ਰੀਤ ਕੌਰ-96%) (ਯੁਵਨੀਲ ਸੈਣੀ -95.33%) ਨੰਬਰ ਹਾਸਿਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ ਸਕੂਲ ਮੁਖੀ ਸਰਦਾਰ ਹਰਮਿੰਦਰ ਸਿੰਘ ਨੇ ਇਸ ਦਾ ਸਿਹਰਾ ਸਮੁੱਚੇ ਸਟਾਫ ਦੀ ਸਖਤ ਮੇਹਨਤ ਨੂੰ ਦਿੰਦੇ ਹੋਏ ਭਵਿਖ ਵਿਚ ਹੋਰ ਬੁਲੰਦੀਆਂ ਛੂਹਣ ਦੀ ਕਾਮਨਾ ਕੀਤੀ, ਇਸ ਮੌਕੇ ਤੇ ਸ਼ੀ ਸਤੀਸ਼ ਕੁਮਾਰ,ਸ. ਕੁਲਵਿੰਦਰ ਸਿੰਘ, ਸ੍ਰੀ ਮਤੀ ਜੋਤੀ ਸੈਣੀ, ਸ. ਨਵਦੀਪ ਸਿੰਘ ਤੇ ਸਮੂਹ ਸਕੂਲ ਵਿਦਿਆਰਥੀ ਹਾਜਰ ਸਨ।

ਅਜੀਬ ਹਨ

ਤਿਤਲੀਆਂ ਦੀਆਂ ਅੱਖਾਂ

ਤਿਤਲੀਆਂ ਦੀਆਂ ਅੱਖਾਂ ਕੰਪਾਊਂਡ ਯਾਨੀ ਸੰਯੁਕਤ ਹੁੰਦੀਆਂ ਹਨ। ਉਸ 'ਚ ਕਈ ਫੋਟੋ ਰਿਸੇਪਟਰ ਹੁੰਦੇ ਹਨ। ਇਸ ਤਰ੍ਹਾਂ ਦੇਖੀਏ ਤਾਂ ਉਸ ਦੀਆਂ ਹਜ਼ਾਰਾਂ ਅੱਖਾਂ ਹੁੰਦੀਆਂ ਹਨ। ਮੋਟੇ ਤੌਰ 'ਤੇ ਕਰੀਬ 12 ਤੋਂ 20 ਹਜ਼ਾਰ ਅੱਖਾਂ ਹੁੰਦੀਆਂ ਹਨ। ਤਿਤਲੀਆਂ ਦੇਖ ਤਾਂ ਸਕਦੀਆਂ ਹਨ, ਪਰ ਉਨ੍ਹਾਂ ਦੀ ਇਹ ਸਮਰਥਾ ਸੀਮਤ ਹੁੰਦੀ ਹੈ। ਇਨ੍ਹਾਂ ਦੀਆਂ ਅੱਖਾਂ ਵੱਡੀਆਂ ਅਤੇ ਗੋਲਾਕਾਰ ਹੁੰਦੀਆਂ ਹਨ। ਇਨ੍ਹਾਂ 'ਚ ਹਜ਼ਾਰਾਂ ਸੈਂਸਰ ਹੁੰਦੇ ਹਨ, ਜੋ ਵੱਖ ਵੱਖ ਕੋਣਾਂ 'ਚ ਲੱਗੇ ਰਹਿੰਦੇ ਹਨ। ਤਿੱਤਲੀਆਂ ਉਪਰ, ਹੇਠਾਂ, ਅੱਗੇ, ਪਿੱਛੇ, ਸੱਜੇ ਖੱਬੇ ਸਾਰੀਆਂ ਦਿਸ਼ਾਵਾਂ 'ਚ ਇਕੋ ਸਮੇਂ ਦੇਖ ਸਕਦੀਆਂ ਹਨ। ਇਸ ਦਾ ਇਹ ਨੁਕਸਾਨ ਵੀ ਹੁੰਦਾ ਹੈ ਕਿ ਉਸ ਕਿਸੇ ਚੀਜ਼ 'ਤੇ ਆਪਣੀ ਨਜ਼ਰ ਇਕਾਗਰ ਨਹੀਂ ਕਰ ਸਕਦੀਆਂ ਅਤੇ ਉਨ੍ਹਾਂ ਨੂੰ ਧੁੰਦਲਾ ਜਿਹਾ ਦਿਖਾਈ ਦਿੰਦਾ ਹੈ। ਤਿਤਲੀ ਕਿਸੇ ਵੀ ਤਰ੍ਹਾਂ ਦੀ

ਗਤੀ ਨੂੰ ਭਾਪ ਜਾਂਦੀ ਹੈ। ਇਸ ਲਈ ਜਦੋਂ ਕੋਈ ਉਨ੍ਹਾਂ ਨੂੰ ਫੜਨ ਲਈ ਹੱਥ ਵਧਾਉਂਦਾ ਹੈ ਤਾਂ ਉਸਨੂੰ ਪਤਾ ਲਗ ਜਾਂਦਾ ਹੈ ਅਤੇ ਉਹ ਉਡ ਜਾਂਦੀ ਹੈ।

ਮਹੱਤਵਪੂਰਨ ਜਾਣਕਾਰੀਆਂ

- ਸਵਿਟਜ਼ਰਲੈਂਡ ਇਕ ਅਜਿਹਾ ਦੇਸ਼ ਹੈ, ਜਿਸ ਨੇ ਕਦੇ ਵੀ ਕਿਸੇ ਯੁੱਧ ਵਿਚ ਹਿੱਸਾ ਨਹੀਂ ਲਿਆ।
- ਹਾਥੀ ਇਕ ਅਜਿਹਾ ਜਾਨਵਰ ਹੈ, ਜਿਸ ਨੂੰ ਹਰ ਵਸਤੂ ਉਸ ਦੇ ਅਸਲ ਆਕਾਰ ਤੋਂ ਵੱਡੀ ਦਿਖਾਈ ਦਿੰਦੀ ਹੈ।
- ਤੇਜ਼ ਰਫਤਾਰ ਵਾਲਾ ਮੰਨਿਆ ਜਾਣ ਵਾਲਾ ਪੰਛੀ ਬਾਜ ਪ੍ਰਤੀ ਘੰਟਾ 200 ਮੀਲ ਤੈਅ ਕਰ ਸਕਦਾ ਹੈ।
- ਨਾਰਵੇ ਅਜਿਹਾ ਦੇਸ਼ ਹੈ, ਜਿਥੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਰਹਿੰਦੀ ਹੈ।
- ਅਬਰਕ ਇਕ ਅਜਿਹਾ ਖਣਿਜ ਹੈ, ਜੋ ਸਿਰਫ ਸਾਡੇ ਦੇਸ਼ ਭਾਰਤ ਵਿਚ ਹੀ ਪਾਇਆ ਜਾਂ ਦਾ ਹੈ।
- ਇਜ਼ਰਾਈਲ ਇਕ ਅਜਿਹਾ ਦੇਸ਼ ਹੈ, ਜਿਸ ਦਾ ਹਰ ਨਾਗਰਿਕ ਫੌਜੀ ਹੈ।

ਕਦੋਂ ਹੋਂਦ ਵਿਚ ਆਈ ਗੁੱਟ-ਘੜੀ

ਪਿਆਰੇ ਬੱਚਿਓ, ਘੜੀ ਬਹੁਤ ਜ਼ਰੂਰੀ ਚੀਜ਼ ਹੈ ਜਿਸ ਤੋਂ ਬਗ਼ੈਰ ਇਕ ਵਿਅਕਤੀ ਲਈ ਅੱਗੇ ਵਧ ਸਕਣਾ ਬੜਾ ਮੁਸ਼ਕਿਲ ਹੈ । ਅੱਜ ਅਸੀਂ ਹਰ ਕੰਮ ਕਰਨ ਲਈ ਸਮਾਂ ਮਿਥਦੇ ਹਾਂ ਤੇ ਉਸ ਲਈ ਘੜੀ ਦਾ ਹੋਣਾ ਜ਼ਰੂਰੀ ਬਣ ਗਿਆ ਹੈ ।ਇਹ ਕਿਸੇ ਤਰ੍ਹਾਂ ਦੀ ਵੀ ਹੋ ਸਕਦੀ ਹੈ । ਟਾਈਮਪੀਸ, ਕੰਧ 'ਤੇ ਲਗਾਉਣ ਵਾਲੀ ਕਲਾਕ ਜਾਂ ਫਿਰ ਗੁਟ ਘੜੀ । ਤੇ ਹੁਣ ਜ਼ਮਾਨਾ ਬੇਹੱਦ ਅੱਗੇ ਵਧ ਚੁੱਕਾ ਹੈ ਡਿਜੀਟਲ ਤੇ ਬਿਜਲੀ ਨਾਲ ਚੱਲਣ ਵਾਲੀਆਂ ਘੜੀਆਂ ਨੂੰ ਅਹਿਮ ਥਾਵਾਂ 'ਤੇ ਦੇਖਿਆ ਜਾ ਸਕਦਾ ਹੈ । ਕੋਈ ਸਮਾਂ ਸੀ ਜਦੋਂ ਘੰਟਾ ਘਰ (ਕਲਾਕ ਟਾਵਰ) ਦੇ ਘੰਟੇ ਦੀ ਆਵਾਜ਼ ਸੁਣ ਕੇ ਟਾਈਮ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ ਜਾਂ ਫਿਰ ਧੁੱਪ ਤੋਂ ਬਣੇ ਪ੍ਰਛਾਵੇਂ ਨਾਲ ।

ਘੜੀ ਦਾ ਸਫ਼ਰ ਬੜਾ ਲੰਬਾ ਹੈ । ਅੱਜ ਚਾਹੇ ਕਈ ਲੋਕ ਗੁਟ 'ਤੇ ਘੜੀ ਬੰਨ੍ਹਣਾ ਪਸੰਦ ਨਹੀਂ ਕਰਦੇ ਪਰ ਉਨ੍ਹਾਂ ਨੂੰ ਵੀ ਕਿਤੇ ਨਾ ਕਿਤੇ ਸਮਾਂ ਦੇਖਣ ਦੀ ਲੋੜ ਜ਼ਰੂਰ ਪੈਂਦੀ ਹੈ ।ਕੀ ਤੁਸੀਂ ਜਾਣਦੇ ਹੋ ਕਿ ਇਹ ਘੜੀ ਕਿਨ੍ਹਾਂ-ਕਿਨ੍ਹਾਂ ਰੂਪਾਂ ਵਿਚੋਂ ਲੰਘ ਕੇ ਆਈ ਹੈ । ਅੱਜ ਅਸੀਂ ਘੜੀ ਬਾਰੇ ਕੁਝ ਸੰਖੇਪ ਵਿਚ ਦੱਸਾਂਗੇ ।

ਬੱਚਿਓ ਜਿਹੜੀ ਘੜੀ ਤੁਸੀਂ ਹੁਣ ਦੇਖਦੇ ਹੋ ਇਹ ਪਹਿਲਾਂ ਇਹੋ ਜਿਹੀ ਨਹੀਂ ਸੀ । ਇਹ ਸਿੱਧੀ ਹੀ ਗੁਟ 'ਤੇ ਨਹੀਂ ਸੱਜ ਗਈ ਸੀ । ਸਤਾਰਵੀਂ ਸਦੀ ਵਿਚ ਇਹ ਘੜੀ ਜੇਬ ਵਿਚ ਪਾਉਣ ਵਾਲੀ ਸੀ ।ਫਿਰ ਇਸ ਨੂੰ ਲੱਕ ਨਾਲ ਲਟਕਾਉਣ ਦਾ ਸਮਾਂ ਵੀ ਆਇਆ । ਸਤਾਰਵੀਂ ਸਦੀ ਵਿਚ ਸਭ ਤੋਂ ਪਹਿਲਾਂ ਗੁੱਟ ਘੜੀ ਪੇਟੇਕ ਫਿਲਪਸ ਨੇ ਬਣਾਈ ਸੀ । ਉਸ ਤੋਂ ਬਾਅਦ ਇਕ ਘੜੀਆਂ ਦੀ ਪ੍ਰਸਿੱਧ ਕੰਪਨੀ ਨੇ ਗੁਟ ਘੜੀ ਨੂੰ 'ਵਾਟਰ ਪਰੂਫ਼' ਬਣਾਇਆ ਤਾਂ ਜੋ ਇਸ 'ਤੇ ਪਾਣੀ ਪੈਣ ਦਾ ਅਸਰ ਨਾ ਹੋਵੇ । ਫਿਰ ਡੇਢ ਦਹਾਕੇ ਪਿੱਛੋਂ ਕਾਰਟੀਅਰ ਕੰਪਨੀ ਨੇ ਔਰਤਾਂ ਲਈ ਇਕ ਖਾਸ ਕਿਸਮ ਦੀ ਗੁਟ ਘੜੀ ਤਿਆਰ ਕੀਤੀ ।ਅਲਾਰਮ ਘੜੀ 1896 ਵਿਚ ਵੇਰਨਾ ਨੇ ਬਣਾਈ । ਗੁਟ-ਘੜੀ ਦਾ ਸੋਧਿਆ

ਹੋਇਆ ਰੂਪ 1933 ਵਿਚ ਸਾਹਮਣੇ ਆਇਆ । ਇਸ ਤੋਂ ਬਾਅਦ 1953 ਵਿਚ ਲਿਪਸ ਨਾਂਅ ਦੀ ਇਕ ਘੜੀਆਂ ਵਾਲੀ ਕੰਪਨੀ ਨੇ ਬੈਟਰੀ ਨਾਲ ਚੱਲਣ ਵਾਲੀ ਘੜੀ ਹੋਂਦ ਵਿਚ ਲਿਆਂਦੀ । ਸੋ, ਬੱਚਿਓ ਘੜੀਆਂ ਦੇ ਖੇਤਰ ਵਿਚ ਜਿਉਂ-ਜਿਉਂ ਤਕਨੀਕ ਵਿਕਸਿਤ ਹੁੰਦੀ ਗਈ, ਇਸ ਲਈ ਲੋਕਾਂ ਦੀ ਖਿੱਚ ਵਧਦੀ ਗਈ । ਪਹਿਲਾਂ-ਪਹਿਲ ਲੋਕਾਂ ਨੇ ਇਸ ਨੂੰ ਫੈਸ਼ਨ ਜਾਂ ਸਟੇਟਸ ਦੇ ਤੌਰ 'ਤੇ ਲਿਆ । ਪਰ ਬਾਅਦ ਵਿਚ ਇਹ ਹਰ ਵਿਅਕਤੀ ਦੀ ਜ਼ਰੂਰਤ ਬਣ ਗਈ । ਅੱਜ ਅਮੀਰ ਲੋਕ ਮਹਿੰਗੀਆਂ ਘੜੀਆਂ ਪਹਿਨ ਕੇ ਆਪਣੇ ਸਟੇਟਸ ਜਾਂ ਅਮੀਰੀ ਦਾ ਪ੍ਰਗਟਾਵਾ ਕਰਦੇ ਹਨ ।ਵਕਤ ਦੀ ਬੜੇ ਲੰਬੇ ਸਮੇਂ ਤੋਂ ਅਹਿਮੀਅਤ ਰਹੀ ਹੈ । ਹਰੇਕ ਵਿਅਕਤੀ ਨੂੰ ਆਪਣੇ ਕੰਮ-ਕਾਜ ਨੇਪਰੇ ਚਾੜ੍ਹਨ ਲਈ ਸਮੇਂ ਦਾ ਵਿਸ਼ੇਸ਼ ਧਿਆਨ ਰੱਖਣਾ ਪੈਂਦਾ ਹੈ ।ਸਮਾਂ ਬਹੁਤ ਕੀਮਤੀ ਹੈ, ਇਸ ਦਾ ਸਦਾ ਸਦਉਪਯੋਗ ਕਰਨਾ ਚਾਹੀਦਾ ਹੈ ।

‘ਟਾਈਗਰ 3’ ’ਚ ਸਲਮਾਨ-ਸ਼ਾਹਰੁਖ ਦੇ ਐਕਸ਼ਨ ਸੀਕੁਐਂਸ ’ਤੇ ਖਰਚ ਹੋਣਗੇ 35 ਕਰੋੜ



ਸਲਮਾਨ ਖ਼ਾਨ ਦੀ ਫ਼ਿਲਮ ‘ਟਾਈਗਰ 3’ ’ਚ ਸ਼ਾਹਰੁਖ ਖ਼ਾਨ ਦਾ ਜ਼ਬਰਦਸਤ ਕੈਮਿਓ ਨਜ਼ਰ ਆਉਣ ਵਾਲਾ ਹੈ। ‘ਪਠਾਨ’ ਤੋਂ ਬਾਅਦ ਹੁਣ ਦੋਵੇਂ ਸਿਤਾਰੇ ‘ਟਾਈਗਰ 3’ ’ਚ ਇਕੱਠੇ ਨਜ਼ਰ ਆਉਣਗੇ। ਹੁਣ ਖ਼ਬਰ ਆ ਰਹੀ ਹੈ ਕਿ ਸਲਮਾਨ ਤੇ ਸ਼ਾਹਰੁਖ ਫ਼ਿਲਮ ’ਚ ਵੱਡੇ ਬਜਟ ਦਾ ਐਕਸ਼ਨ ਸੀਨ ਕਰਨ ਜਾ ਰਹੇ ਹਨ। ਇਸ ਲੜੀਵਾਰ ਲਈ 35 ਕਰੋੜ ਰੁਪਏ ਦਾ ਸੈੱਟ ਬਣਾਇਆ ਗਿਆ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਫ਼ਿਲਮ ਦੇ ਨਿਰਮਾਤਾ ਆਦਿਤਿਆ ਚੋਪੜਾ ਇਨ੍ਹਾਂ ਦੋਵਾਂ ਸਿਤਾਰਿਆਂ ਦੀ ਪਰਦੇ ’ਤੇ ਮੌਜੂਦਗੀ ਦਾ ਪੂਰਾ ਲਾਭ ਉਠਾਉਣਾ ਚਾਹੁੰਦੇ ਹਨ। ‘ਪਠਾਨ’ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ ਹੁਣ ਦਰਸ਼ਕਾਂ ਨੂੰ ‘ਟਾਈਗਰ 3’ ’ਚ ਵੀ ਬਹੁਤ ਸਾਰੀਆਂ ਨਵੀਆਂ ਚੀਜ਼ਾਂ ਦੇਖਣ ਨੂੰ ਮਿਲ ਸਕਦੀਆਂ ਹਨ। “ਜਦੋਂ ਤੁਹਾਡੇ ਕੋਲ ਇਕ ਫ਼ਿਲਮ ’ਚ ਸਲਮਾਨ ਤੇ ਸ਼ਾਹਰੁਖ ਵਰਗੇ ਸੁਪਰਸਟਾਰ ਹੁੰਦੇ ਹਨ। ਫਿਰ ਤੁਹਾਨੂੰ ਉਸ ਦੇ ਸੁਪਰ ਸਟਾਰਡਮ ਨਾਲ ਇਨਸਾਫ਼ ਕਰਨਾ ਚਾਹੀਦਾ ਹੈ। ‘ਪਠਾਨ’ ਤੋਂ ਬਾਅਦ ਅਜਿਹਾ ਕੁਝ ਹੋਵੇਗਾ, ਜੋ ‘ਟਾਈਗਰ 3’ ’ਚ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ‘ਟਾਈਗਰ 3’ ’ਚ ਹਾਈ ਵੋਲਟੇਜ ਐਕਸ਼ਨ ਸੀਨ ਦੀ ਯੋਜਨਾ ਬਣਾਉਣ ਲਈ ਤਿਆਰੀਆਂ ਚੱਲ ਰਹੀਆਂ ਹਨ। ਆਦਿਤਿਆ ਚੋਪੜਾ ਨੇ ਵੀ ਇਸ ਦੀ ਤਿਆਰੀ ਕਰ ਲਈ ਹੈ।ਇਸ ਤੋਂ ਪਹਿਲਾਂ ਇਕ ਸੂਤਰ ਨੇ ਖ਼ੁਲਾਸਾ ਕੀਤਾ ਸੀ ਕਿ ਦੋਵੇਂ ਖ਼ਾਨ ਲਗਭਗ ਸੱਤ ਦਿਨ ਇਕੱਠੇ ਸ਼ੂਟਿੰਗ ਕਰਨਗੇ। ਫ਼ਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਮਨੀਸ਼ ਸ਼ਰਮਾ ‘ਪਠਾਨ’ ’ਚ ਲੋਕਾਂ ਦੇ ਅਨੁਭਵ ਨੂੰ ਦੁਬਾਰਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੂਤਰਾਂ ਮੁਤਾਬਕ ਐਕਸ਼ਨ ਸੀਨ ਅਜਿਹਾ ਹੋਵੇਗਾ, ਜੋ ਕਈ ਸਾਲਾਂ ਤੱਕ ਯਾਦ ਰਹੇਗਾ। ਸਲਮਾਨ ਖ਼ਾਨ ਦੀ ਇਹ ਬਹੁਤ ਉਡੀਕੀ ਜਾ ਰਹੀ ਫ਼ਿਲਮ ਦੀਵਾਲੀ ਮੌਕੇ 10 ਨਵੰਬਰ 2023 ਨੂੰ ਰਿਲੀਜ਼ ਹੋਵੇਗੀ। ਫ਼ਿਲਮ ’ਚ ਸਲਮਾਨ ਤੋਂ ਇਲਾਵਾ ਕੈਟਰੀਨਾ ਕੈਫ ਤੇ ਇਮਰਾਨ ਹਾਸ਼ਮੀ ਵੀ ਨਜ਼ਰ ਆਉਣਗੇ। ਇਹ ਫ਼ਿਲਮ ਯਸ਼ਰਾਜ ਸਪਾਈ ਯੂਨੀਵਰਸ ਦਾ ਹਿੱਸਾ ਹੋਵੇਗੀ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਫ਼ਿਲਮ ਦਾ ਕੁੱਲ ਬਜਟ 225 ਕਰੋੜ ਰੁਪਏ ਹੋਣ ਵਾਲਾ ਹੈ।ਸ਼ਾਹਰੁਖ ਤੇ ਸਲਮਾਨ ਪਹਿਲੀ ਵਾਰ 1995 ’ਚ ਫ਼ਿਲਮ ਕਰਨ ਅਰਜੁਨ ’ਚ ਨਜ਼ਰ ਆਏ ਸਨ। ਇਹ ਫ਼ਿਲਮ ਆਪਣੇ ਸਮੇਂ ’ਚ ਕਾਫੀ ਹਿੱਟ ਰਹੀ ਸੀ। ਇਸ ਤੋਂ ਬਾਅਦ ਦੋਵਾਂ ਨੇ ‘ਹਮ ਤੁਮਹਾਰੇ ਹੈ ਸਨਮ’ ’ਚ ਇਕੱਠੇ ਕੰਮ ਕੀਤਾ। ‘ਕੁਛ ਕੁਛ ਹੋਤਾ ਹੈ’ ’ਚ ਸਲਮਾਨ ਨੇ ਮਹਿਮਾਨ ਭੂਮਿਕਾ ਨਿਭਾਈ ਸੀ, ਜਿਸ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ ਸੀ।ਇਸ ਤੋਂ ਬਾਅਦ ਸਲਮਾਨ ਨੇ ਸ਼ਾਹਰੁਖ ਖ਼ਾਨ ਦੀ 2018 ’ਚ ਰਿਲੀਜ਼ ਹੋਈ ‘ਜ਼ੀਰੋ’ ’ਚ ਵੀ ਕੈਮਿਓ ਕੀਤਾ ਸੀ।

ਅਕਸ਼ੈ ਕੁਮਾਰ ਤੇ ਟਾਈਗਰ ਸ਼ਰਾਫ ਦੀ ’ਬੜੇ ਮੀਆਂ ਛੋਟੇ ਮੀਆਂ’ ਈਦ 2024 ’ਤੇ ਹੋਵੇਗੀ ਰਿਲੀਜ਼

ਪੂਜਾ ਐਂਟਰਟੇਨਮੈਂਟ ਦੀ ‘ਬੜੇ ਮੀਆਂ ਛੋਟੇ ਮੀਆਂ’ ਲਈ ਈਦ-2024 ਨੂੰ ਫਰੀਜ਼ ਕਰ ਦਿੱਤਾ ਗਿਆ ਹੈ। ਹਾਲ ਹੀ ’ਚ ਇਸ ਸਭ ਤੋਂ ਵੱਡੀ ਐਕਸ਼ਨ-ਐਂਟਰਟੇਨਰ ਫ਼ਿਲਮ ਦੇ ਨਿਰਮਾਤਾਵਾਂ ਨੇ ਫ਼ਿਲਮ ਦੀ ਰਿਲੀਜ਼ਿੰਗ ਡੇਟ ਦਾ ਐਲਾਨ ਕੀਤਾ ਹੈ। ਪੂਜਾ ਐਂਟਰਟੇਨਮੈਂਟ ਨੇ ਬੀ. ਟੀ. ਐੱਸ. ਤਸਵੀਰ ਜਾਰੀ ਕੀਤੀ ਹੈ, ਜਿਸ ਤੋਂ ਸਾਨੂੰ ਫ਼ਿਲਮ ਦੇ ਵੱਡੇ ਪੱਧਰ ਦੀ ਝਲਕ ਮਿਲਦੀ ਹੈ। ਇਸ ਫ਼ਿਲਮ ’ਚ ਅਕਸ਼ੇ ਕੁਮਾਰ ਅਤੇ ਟਾਈਗਰ ਸ਼ਰਾਫ ਦੇ ਨਾਲ ਪ੍ਰਿਥਵੀਰਾਜ ਸੁਕੁਰਮਨ ਵੀ ਹਨ, ਜੋ ਇਕ ਦਮਦਾਰ ਖਲਨਾਇਕ ਦੀ ਭੂਮਿਕਾ ’ਚ ਨਜ਼ਰ ਆਉਣਗੇ। ਨਿਰਮਾਤਾ-ਅਦਾਕਾਰ ਜੈਕੀ ਭਗਨਾਨੀ ਦਾ ਕਹਿਣਾ ਹੈ, ‘ਬੜੇ ਮੀਆਂ ਛੋਟੇ ਮੀਆਂ’ ਸਾਡੇ ਸਭ ਤੋਂ ਮਹਤਵਪੂਰਨ ਪ੍ਰਾਜੈਕਟਾਂ ’ਚੋਂ ਇਕ ਹੈ। ਨਿਰਦੇਸ਼ਕ ਅਲੀ ਅੱਬਾਸ ਜ਼ਫਰ ਨੇ ਕਿਹਾ,’’ਮੈਂ ਅਜਿਹੀ ਵੱਡੀ ਫਰੈਂਚਾਇਜ਼ੀ ਦਾ ਅਨਿੱਖੜਵਾਂ ਹਿੱਸਾ ਬਣ ਕੇ ਖੁਸ਼ ਹਾਂ। ਈਦ 2024 ਲਈ ਇਸ ਦੀ ਰਿਲੀਜ਼ਿੰਗ ਡੇਟ ਦੇ ਐਲਾਨ ਨਾਲ, ਇਹ ਯਕੀਨੀ ਤੌਰ ’ਤੇ ਦਰਸ਼ਕਾਂ ਲਈ ਪਾਵਰ-ਪੈਕ ਮਨੋਰੰਜਨ ਦੇ ਨਾਲ ਤਿਉਹਾਰ ਦਾ ਅਨੰਦ ਲੈਣ ਲਈ ਇਕ ਟ੍ਰੀਟ ਹੋਵੇਗਾ।

ਗਰਮੀਆਂ ਵਿੱਚ ਖੁੱਲ੍ਹੇ ਕੱਪੜੇ ਪਹਿਨਣੇ ਪਸੰਦੀ ਕਰਦੀ ਹੈ ਕੈਟਰੀਨਾ

ਗਰਮੀਆਂ ਵਿੱਚ ਖੁੱਲ੍ਹੇ ਅਤੇ ਆਰਾਮਦਾਇਕ ਕੱਪੜੇ ਠੀਕ ਰਹਿੰਦੇ ਹਨ। ਅਦਾਕਾਰਾ ਕੈਟਰੀਨਾ ਕੈਫ ਵੀ ਗਰਮੀਆਂ ਵਿੱਚ ਅਜਿਹੇ ਕੱਪੜੇ ਪਹਿਨਣ ਨੂੰ ਤਰਜੀਹ ਦਿੰਦੀ ਹੈ, ਜਿਹੜੇ ਬਹੁਤੇ ਤੰਗ ਨਾ ਹੋਣ। ਕੈਟਰੀਨਾ ਨੇ ਅੱਜ ਇੰਸਟਾਗ੍ਰਾਮ ’ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਸ ਵਿੱਚ ਉਹ ਚਿੱਟੀਆਂ ਧਾਰੀਆਂ ਵਾਲੀ ਨੀਲੀ ਕਮੀਜ਼ ਪਹਿਨੀ ਦਿਖਾਈ ਦੇ ਰਹੀ ਹੈ। ਉਸ ਨੇ ਮਾਮੂਲੀ ਜਿਹਾ ਮੇਕਅੱਪ ਕੀਤਾ ਹੋਇਆ ਹੈ। ਤਸਵੀਰਾਂ ਵਿੱਚ ਉਹ ‘ਮੈਸੀ ਬਨ (ਜੂੜਾ)’ ਦਿਖਾਉਂਦੀ ਵੀ ਨਜ਼ਰ ਆ ਰਹੀ ਹੈ। ਉਸ ਨੇ ਤਸਵੀਰ ਦੀ ਕੈਪਸ਼ਨ ’ਚ ਲਿਖਿਆ, “ਸਮਰ ਬਲੂਜ਼।”ਉਸ ਦੀਆਂ ਇਨ੍ਹਾਂ ਤਸਵੀਰਾਂ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਇਸ ਦੌਰਾਨ ਸੋਸ਼ਲ ਮੀਡੀਆ ’ਤੇ ਇੱਕ ਵਿਅਕਤੀ ਨੇ ਟਿੱਪਣੀ ਕਰਦਿਆਂ ਕਿਹਾ, ‘ਕੁਦਰਤੀ ਸੁੰਦਰਤਾ।’ ਇਸੇ ਤਰ੍ਹਾਂ ਇੱਕ ਹੋਰ ਵਿਅਕਤੀ ਨੇ ਕਿਹਾ, ‘ਬਹੁਤ ਖ਼ੂਬਸੂਰਤ।’ਜਾਣਕਾਰੀ ਅਨੁਸਾਰ ਕੈਟਰੀਨਾ ਆਖਰੀ ਵਾਰ ਫ਼ਿਲਮ ‘ਫੋਨ ਭੂਤ’ ਵਿੱਚ ਨਜ਼ਰ ਆਈ ਸੀ। ਇਸ ਵਿੱਚ ਸਿਧਾਂਤ ਚਤੁਰਵੇਦੀ ਅਤੇ ਇਸ਼ਾਨ ਖੱਟਰ ਨੇ ਵੀ ਅਹਿਮ ਭੂਮਿਕਾਵਾਂ ਵਿਚ ਸਨ। ਹਾਲਾਂਕਿ ਫ਼ਿਲਮ ਦਰਸ਼ਕਾਂ ਦੀਆਂ ਉਮੀਦਾਂ ’ਤੇ ਖਰੀ ਨਹੀਂ ਉਤਰ ਸਕੀ ਸੀ। ਹੁਣ ਉਹ ਆਉਣ ਵਾਲੀ ਫਿਲਮ ‘ਟਾਈਗਰ 3’ ਵਿੱਚ ਸਲਮਾਨ ਖਾਨ ਨਾਲ ਨਜ਼ਰ ਆਵੇਗੀ। ਇਹ ਫਿਲਮ ਇਸ ਸਾਲ ਦੀਵਾਲੀ ਮੌਕੇ ਰਿਲੀਜ਼ ਹੋਵੇਗੀ।

ਸਿਆਟਲ ਦੇ ਮੁੱਖ ਗੁਰਦੁਆਰੇ ਸਿੰਘ ਸਭਾ ਰੈਨਟਨ ਦੀ 11 ਮੈਂਬਰੀ ਪ੍ਰਬੰਧਕ ਕਮੇਟੀ ਦਾ ਐਲਾਨ

ਕਸ਼ਮੀਰ ਸਿੰਘ ਹੋਠੀ ਪ੍ਰਧਾਨ ਤੇ ਲਖਬੀਰ ਸਿੰਘ ਸੈਕਟਰੀ ਨਿਯੁਕਤ

ਮੇਰੀ ਵੱਡੀ ਭੈਣ ਨੂੰ ਕੁੱਝ ਮਹੀਨਿਆਂ ਤੋਂ ਧੁੰਦਲਾ ਦਿਖਾਈ ਦੇ ਰਿਹਾ ਸੀ। ਅੱਖਾਂ ਚੈੱਕ ਕਰਵਾਉਣ ਤੋਂ ਪਤਾ ਲੱਗਾ ਕਿ ਉਸ ਦੀਆਂ ਦੋਹਾਂ ਅੱਖਾਂ ਵਿੱਚ ਚਿੱਟਾ ਮੋਤੀਆ ਉੱਤਰ ਆਇਆ ਸੀ।

ਕੱਲ੍ਹ ਉਸ ਨੇ ਜਲੰਧਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਆਪਣੀ ਇੱਕ ਅੱਖ ਦਾ ਅਪਰੇਸ਼ਨ ਕਰਵਾ ਲਿਆ ਸੀ। ਅੱਜ ਮੈਂ ਆਪਣੇ ਦੋਸਤ ਰਵੀ ਨਾਲ ਉਸ ਦੀ ਖਬਰ ਲੈਣ ਲਈ ਜਲੰਧਰ ਉਸ ਦੇ ਸਹੁਰੇ ਘਰ ਆਇਆ ਹੋਇਆ ਸੀ।

ਉਸ ਦੀ ਖਬਰ ਲੈ ਕੇ ਤੇ ਚਾਹ-ਪਾਣੀ ਪੀ ਕੇ ਮੈਂ ਆਪਣੇ ਦੋਸਤ ਨਾਲ ਆਪਣੀ ਗੱਡੀ ਵਿੱਚ ਵਾਪਸ ਆਪਣੇ ਪਿੰਡ ਨੂੰ ਚੱਲ ਪਿਆ। ਜਦੋਂ ਅਸੀਂ ਬਹਿਰਾਮ ਦੇ ਲਾਗੇ ਪਹੁੰਚੇ, ਤਾਂ ਅਸੀਂ ਦੇਖਿਆ ਕਿ ਇੱਕ ਸਕੂਟਰ ਸਵਾਰ ਸੜਕ ਦੇ ਇੱਕ ਪਾਸੇ ਡਿੱਗਿਆ ਪਿਆ ਸੀ। ਆਪਣੇ ਦੋਸਤ ਦੇ ਕਹਿਣ ਤੇ ਮੈਂ ਗੱਡੀ ਰੋਕ ਲਈ। ਗੱਡੀ ਤੋਂ ਉੱਤਰ ਕੇ ਅਸੀਂ ਦੇਖਿਆ ਕਿ ਸਕੂਟਰ ਸਵਾਰ ਦਾ ਸਕੂਟਰ ਬਿਜਲੀ ਦੇ ਖੰਭੇ ਵਿੱਚ ਵੱਜ ਗਿਆ ਸੀ ਅਤੇ ਡਿੱਗ ਪਿਆ ਸੀ। ਅਸੀਂ ਉਸ ਨੂੰ ਹਿਲਾ-ਜੁਲਾ ਕੇ ਦੇਖਿਆ, ਉਹ ਬੇਸੁਰਤ ਸੀ। ਪਤਾ ਨਹੀਂ ਉਸ ਦੇ ਸੱਟਾਂ ਕਿੱਥੇ, ਕਿੱਥੇ ਲੱਗੀਆਂ ਸਨ। ਜਦੋਂ ਉਸ ਦੀ ਜੇਬ ਚੋਂ ਬਟੂਆ ਕੱਢ ਕੇ ਫਰੋਲਿਆ, ਤਾਂ ਉਸ ਵਿੱਚੋਂ ਆਧਾਰ ਕਾਰਡ ਮਿਲਿਆ। ਆਧਾਰ ਕਾਰਡ ਤੋਂ ਪਤਾ ਲੱਗਾ ਕਿ ਉਸ ਦਾ ਨਾਂ ਅਜਮੇਰ ਸਿੰਘ ਸੀ ਤੇ ਪਿਤਾ ਦਾ ਨਾਂ ਝਲਮਣ ਸਿੰਘ ਸੀ। ਉਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਬੜਵਾ ਦਾ ਵਸਨੀਕ ਸੀ। ਅਸੀਂ ਉਸ ਨੂੰ ਚੁੱਕ ਕੇ ਆਪਣੀ ਗੱਡੀ ਵਿੱਚ ਪਾ ਲਿਆ ਤੇ ਨਵਾਂ ਸ਼ਹਿਰ ਦੇ ਰਾਜਾ ਹਸਪਤਾਲ ਵਿੱਚ ਪਹੁੰਚ ਗਏ। ਮੁੱਢਲੀ ਪੁੱਛਗਿੱਛ ਪਿੱਛੋਂ ਉਸ ਨੂੰ ਇਲਾਜ ਲਈ ਦਾਖਲ ਕਰ ਲਿਆ ਗਿਆ।

ਮੈਂ ਆਪਣੀ ਭਘੌਰਾਂ ਵਾਲੀ ਮਾਸੀ ਦੇ ਮੁੰਡੇ ਨੂੰ ਫੋਨ ਕਰਕੇ ਆਖਿਆ," ਜੀਤੇ ਤੂੰ ਛੇਤੀ ਨਾਲ ਬੜਵੇ ਝਲਮਣ ਸਿੰਘ ਦੇ ਘਰ ਜਾ ਕੇ ਆ। ਉਸ ਦੇ ਮੁੰਡੇ ਅਜਮੇਰ ਸਿੰਘ ਦਾ ਬਹਿਰਾਮ ਦੇ ਲਾਗੇ ਸਕੂਟਰ ਬਿਜਲੀ ਦੇ ਖੰਭੇ ਵਿੱਚ ਵੱਜ ਗਿਆ ਆ ਤੇ ਉਸ ਦੇ ਗੁੱਝੀਆਂ ਸੱਟਾਂ ਲੱਗ ਗਈਆਂ ਆਂ। ਮੈਂ ਤੇ ਮੇਰੇ ਦੋਸਤ ਨੇ ਉਸ ਨੂੰ ਨਵਾਂ ਸ਼ਹਿਰ ਦੇ ਰਾਜਾ ਹਸਪਤਾਲ 'ਚ ਦਾਖਲ ਕਰਾ ਦਿੱਤਾ ਆ। ਅਸੀਂ ਉਸ ਦੇ ਘਰਦਿਆਂ ਦੇ ਆਣ ਪਿੱਛੋਂ ਹੀ ਹਸਪਤਾਲ ਚੋਂ ਜਾ ਸਕਦੇ ਆਂ। ਜੀਤੇ ਇਹ ਪੁੰਨ ਦਾ ਕੰਮ ਤੂੰ ਜ਼ਰੂਰ ਕਰ ਦੇ।"

ਜੀਤੇ ਨੇ ਕੋਈ ਨਾਂਹ ਨੁੱਕਰ ਨਾ ਕੀਤੀ। ਜੀਤੇ ਦੇ ਬੜਵੇ ਪਹੁੰਚ ਕੇ ਸੁਨੇਹਾ ਦੇਣ ਪਿੱਛੋਂ ਅੱਧੇ ਘੰਟੇ ਵਿੱਚ ਅਜਮੇਰ ਸਿੰਘ ਦੀ ਪਤਨੀ ਤੇ ਉਸ ਦਾ ਪੁੱਤਰ ਰਾਜਾ ਹਸਪਤਾਲ ਪਹੁੰਚ ਗਏ। ਅਜਮੇਰ ਸਿੰਘ ਨੂੰ ਬੇਸੁਰਤ ਹੋਇਆ ਦੇਖ ਕੇ ਉਸ ਦੀ ਪਤਨੀ ਦੇ ਹੰਝੂ ਨਹੀਂ ਰੁਕ ਰਹੇ ਸਨ। ਫਿਰ ਵੀ ਉਹ ਹੌਸਲਾ ਕਰਕੇ ਬੋਲੀ," ਭਾ ਜੀ, ਤੁਹਾਡਾ ਬਹੁਤ, ਬਹੁਤ ਧੰਨਵਾਦ। ਤੁਸੀਂ ਸਮੇਂ ਸਿਰ ਇਨ੍ਹਾਂ ਨੂੰ ਚੁੱਕ ਕੇ ਹਸਪਤਾਲ ਲੈ ਆਏ। ਲੱਗੀਆਂ ਸੱਟਾਂ ਸਮਾਂ ਪਾ ਕੇ ਠੀਕ ਹੋ ਜਾਣਗੀਆਂ। ਸਾਡਾ ਪਰਿਵਾਰ ਤੁਹਾਡਾ ਇਹ ਅਹਿਸਾਨ ਕਦੇ ਨਹੀਂ ਭੁਲਾਏਗਾ।"

"ਭੈਣ ਜੀ, ਅਹਿਸਾਨ ਵਾਲੀ ਕੋਈ ਗੱਲ ਨਹੀਂ। ਬੰਦਾ ਹੀ ਬੰਦੇ ਦਾ ਦਾਰੂ ਆ। ਜੇ ਬੰਦਾ ਮੁਸੀਬਤ ਵੇਲੇ ਕੰਮ ਨਾ ਆਇਆ, ਫੇਰ ਬੰਦਾ ਬਣਨ ਦਾ ਕੀ ਫਾਇਦਾ ? ਹੁਣ ਅਸੀਂ ਚੱਲਦੇ ਆਂ। ਕਿਸੇ ਦਿਨ ਫੇਰ ਆਵਾਂਗੇ।" ਏਨਾ ਕਹਿ ਕੇ ਮੈਂ ਤੇ ਮੇਰਾ ਦੋਸਤ ਹਸਪਤਾਲ ਚੋਂ ਬਾਹਰ ਆ ਗਏ।

ਪ੍ਰਤਿਭਾ ਦਾ ਦਰਿਆ ਬਿਪਨ ਜੋਸ਼ੀ

ਬਿਪਨ ਜੋਸੀ ਬਹੁਪੱਖੀ ਪ੍ਰਤਿਭਾ ਦਾ ਮਾਲਕ ਹੈ ਉਸ ਦਾ ਜਨਮ ਸੰਗਰੂਰ ਜਿ਼ਲ੍ਹੇ ਵਿੱਚ ਪੈਂਦੇ ਪਿੰਡ ਭਾਈ ਕੇ ਪਿਸੌਰ ਜੋ ਕਿ ਲਹਿਰਾਗਾਗਾ ਲਾਗੇ ਪੈਂਦਾ ਉਥੇ 5 ਸਤੰਬਰ,1995 ਨੂੰ ਪਿਤਾ ਮਹਿੰਦਰ ਜੋਸੀ ਅਤੇ ਮਾਤਾ ਉਰਮਿਲਾ ਦੇਵੀ ਦੇ ਘਰ ਹੋਇਆ। ਉਸਨੇ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿੱਚ ਕੀਤੀ ਤੇ ਬਾਰਵੀਂ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਹਿਰਾ ਗਾਗਾ ਵਿਖੇ ਕੀਤੀ। ਫਿਰ ਉਸ ਨੇ ਬੀ ਏ ਦੀ ਪੜ੍ਹਾਈ ਸਹੀਦ ਊਧਮ ਸਿੰਘ ਕਾਲਜ ਸੁਨਾਮ ਵਿਖੇ ਪੂਰੀ ਕੀਤੀ।

ਉਸ ਨੂੰ ਗਾਣੇ ਲਿਖਣ ਦਾ ਵੀ ਸੌਕ ਹੈ ਤੇ ਟੈਲੀ ਫਿ਼ਲਮਾਂ ਵੀ ਤਿਆਰ ਕੀਤੀਆਂ।ਉਹ ਕਾਲਜ ਸਮੇਂ ਤੋਂ ਹੀ ਪ੍ਰੋਗਰਾਮਾਂ ਵਿੱਚ ਭਾਗ ਲੈਂਦਾ ਰਹਿੰਦਾ ਸੀ ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਯੂਥ ਫੈਸਟੀਵਲ ਵਿੱਚ ਵੀ ਭਾਗ ਲਿਆ।ਉਸ ਨੂੰ ਕਾਲਜ ਸਮੇਂ ਤੋਂ ਉਸ ਦੇ ਉਸਤਾਦ ਸੁੱਖੀ ਪਾਤੜਾਂ ਤੋਂ ਪ੍ਰੇਰਨਾ ਮਿਲਦੀ ਰਹਿੰਦੀ,ਜਿਸ ਸਦਕਾ ਉਹ ਹੁਣ ਤੱਕ ਸਫਲ ਹੁੰਦਾ ਰਿਹਾ।ਉਸ ਦਾ ਸੁਭਾਅ ਵੀ ਮਸਤੀ ਤੇ ਖੁਸਮਿਜਾਜ ਵਾਲਾ ਹੈ ਤੇ ਛੋਟੇ ਛੋਟੇ ਬੱਚਿਆਂ ਦੇ ਦਿਲਾਂ ਤੇ ਰਾਜ ਕਰਦਾ ਹੈ ਉਸ ਨੂੰ ਐਂਕਰਿੰਗ ਦਾ ਸੌਕ ਵੀ ਹੈ।

"ਅੱਧੀ ਛੁੱਟੀ ਸਾਰੀ" ਨਾਂ ਪ੍ਰਾਈਵੇਟ ਸਕੂਲਾਂ ਦਾ ਨਾਂ ਨਹੀਂ ਇਹ ਸਰਕਾਰੀ ਸਕੂਲ ਵਿੱਚ ਹੀ ਹੁੰਦੀ ਸੀ। ਬਿਪਨ ਜੋਸੀ ਦੇ ਚਾਚਾ ਜੀ ਸਕੂਲ ਵੈਨ ਚਲਾਉਂਦੇ ਸੀ ਤੇ ਉਨ੍ਹਾਂ ਦੇ ਡੈਡੀ ਵੀ ਨਾਲ ਜਾਂਦੇ ਹੁੰਦੇ ਸੀ ਬੱਚਿਆਂ ਨੂੰ ਲਿਜਾਣ ਤੇ ਛੱਡਣ ਸਮੇਂ ਚਾੜ੍ਹਦੇ ਉਤਾਰਦੇ ਰਹਿੰਦੇ।ਕਈ ਵਾਰ ਉਨ੍ਹਾਂ ਦੇ ਡੈਡੀ ਘਰ ਨਾ ਹੁੰਦੇ ਤਾਂ ਉਨ੍ਹਾਂ ਦੀ ਮੰਮੀ ਨੇ ਕਹਿਣਾ ਕਿ ਬਿਪਨ ਅੱਜ ਤੂੰ ਚਲਾ ਜਾਹ ਤੇਰੇ ਚਾਚਾ ਜੀ ਨਾਲ, ਫਿਰ ਬਿਪਨ ਦਸ ਬਾਰਾਂ ਦਿਨ ਜਾਂਦਾ ਰਿਹਾ,ਉਸ ਦੀ ਆਦਤ ਉਹ ਗੱਲਾਂਬਾਤਾਂ ਬਹੁਤ ਕਰਦਾ,ਕਈ ਵਾਰ ਬੱਚਿਆਂ ਗੱਲਾਂ ਕਰਦਿਆਂ ਪੁੱਛਣਾ ਤੇਰਾ ਨਾਂ ਕੀ ਆ, ਤੇਰੇ ਘਰ ਕੌਣ ਕੌਣ ਹੈ ? ਫਿਰ ਬੱਚੇ ਹਾਸੇ ਵਾਲੀਆਂ ਗੱਲਾਂ ਸੁਣਾਉਂਦੇ, ਫਿਰ ਉਸ ਨੂੰ ਲੱਗਿਆ ਕਿ ਕਿਉਂ ਨਾ ਬੱਚਿਆਂ ਨਾਲ ਦਿਲ ਖੋਲ੍ਹ ਕੇ ਗੱਲਾਂ ਕੀਤੀਆਂ ਜਾਣ। ਉਥੋਂ ਹੀ ਸੋਚਿਆ ਕਿ ਬੱਚਿਆਂ ਲਈ ਇਕ ਪ੍ਰੋਫੈਸਨਲ ਪ੍ਰੋਗਰਾਮ ਚਲਾਇਆ ਜਾਵੇ। ਬਿਪਨ ਦਾ ਉਦੇਸ ਸੀ ਬੱਚਿਆਂ ਨੂੰ ਪ੍ਰੋਗਰਾਮ ਨਾਲ ਜੋੜ ਕੇ ਉਨ੍ਹਾਂ ਵਿੱਚ ਛੁਪੀ ਕਲਾ ਨੂੰ ਸਾਹਮਣੇ ਲਿਆਂਦਾ ਜਾਵੇ। ਇਹ ਪ੍ਰੋਗਰਾਮ ਲਿਖਣ, ਵਿਚਾਰ ਕਰਨ ਤੇ ਪੂਰਾ ਇਕ ਸਾਲ ਲੱਗ ਗਿਆ। ਬਿਪਨ ਦੇ ਦੋਸਤ ਸੱਤੀ ਛਾਜਲੇ ਨੇ "ਅੱਧੀ ਛੁੱਟੀ ਸਾਰੀ" ਦਾ ਗਾਣਾ ਲਿਖਿਆ "ਅੱਧੀ ਛੁੱਟੀ ਸਾਰੀ ਮਿੱਤਰੋ ਭੱਜ ਲਓ"।

ਬਿਪਨ ਜੋਸੀ ਦੇ ਪਿੰਡ ਤੋਂ ਕਲਾਕਾਰੀ ਦੇ ਇਸ ਖੇਤਰ ਵਿੱਚ ਕੋਈ ਨਹੀਂ ਗਿਆ ਹੋਇਆ ਸੀ ਉਸ ਨੂੰ ਲੱਗਿਆ ਕਿਉਂ ਨਾ ਇਸ ਖੇਤਰ ਵਿੱਚ ਮੈਂ ਕੁਝ ਕਰਾਂ ਇਹ ਵਿਚਾਰ ਵੀ ਉਸ ਦੇ ਮਨ ਵਿਚ ਇਹ ਵਿਚਾਰ ਸੀ।

ਇਸ ਤੋਂ ਬਾਅਦ 2016 ਵਿੱਚ ਘਰਦਿਆਂ ਦੇ ਕਹਿਣ ਤੇ ਉਸ ਨੇ ਨੌਕਰੀ ਵਾਲੇ ਪਾਸੇ ਜਾਣ ਦਾ ਵਿਚਾਰ ਵੀ ਬਣਾਇਆ ਉਸ ਸਮੇਂ ਉਸ ਨੇ ਪੰਜਾਬ ਪੁਲਿਸ ਵਿਚ ਟਰਾਇਲ ਵੀ ਦਿੱਤਾ ਤੇ ਨੌਕਰੀ ਦਾ ਸਭ ਪ੍ਰੋਸੈੱਸ ਕਲੀਅਰ ਹੋਣ ਤੇ ਉਸ ਨੇ ਨਾਂਹ ਕਰ ਦਿੱਤੀ ਕਿਉਂਕਿ ਉਸ ਦੀ ਉਸ ਪਾਸੇ ਕੋਈ ਦਿਲਚਸਪੀ ਨਹੀਂ ਨਹੀਂ ਸੀ।

"ਅੱਧੀ ਛੁੱਟੀ ਸਾਰੀ" ਪ੍ਰੋਗਰਾਮ ਪੰਜਾਬ ਦੇ ਵੱਖ ਵੱਖ ਸਕੂਲਾਂ ਵਿਚ ਕਰਵਾਇਆ ਜਾਂਦਾ ਹੈ ਇਸ ਦੇ 200 ਦੇ ਕਰੀਬ ਐਪੀਸੋਡ ਹੋ ਚੁੱਕੇ ਹਨ।

"ਹੈਪੀ ਫੈਮਿਲੀ ਪ੍ਰੋਗਰਾਮ" ਵੀ "ਅੱਧੀ ਛੁੱਟੀ ਸਾਰੀ" ਪ੍ਰੋਗਰਾਮ ਤੋਂ ਚਾਰ ਸਾਲ ਬਾਅਦ ਸੁਰੂ ਕੀਤਾ। ਬਿਪਨ ਨੇ ਸੋਚਿਆ ਵੀ ਸਿੰਗਰ ਨਾਲ ਤਾਂ ਹਰ ਕੋਈ ਇੰਟਰਵਿਊ ਕਰ ਲੈਂਦਾ, ਫਿਰ ਮੈਂ ਕਲਾਕਾਰਾਂ ਦੇ ਪਰਿਵਾਰ ਨਾਲ ਵਿਚਾਰ ਸਾਂਝੇ ਕਰੀਏ। ਇਸ ਵਿਚ ਕਲਾਕਾਰਾਂ ਨਾਲ ਗੱਲਾਂਬਾਤਾਂ, ਉਨ੍ਹਾਂ ਦੇ ਪਰਿਵਾਰ, ਬਚਪਨ ਬਾਰੇ ਤੇ ਹੋਰ ਵਿਚਾਰ ਸਾਂਝੇ ਕੀਤੇ ਜਾਂਦੇ ਹਨ।ਇਸ ਪ੍ਰੋਗਰਾਮ ਦੌਰਾਨ ਉਸ ਨੇ ਫਿਰੋਜ ਖਾਨ, ਰੁਪਿੰਦਰ ਰੂਪੀ,ਰਾਜ ਧਾਲੀਵਾਲ,ਦੀਪ ਢਿੱਲੋਂ, ਜੈਸਮੀਨ ਜੱਸੀ,ਵਿੱਕੀ ਧਾਲੀਵਾਲ ਤੇ ਸਾਰਥੀ ਕੇ ਹੋਰਾਂ ਨਾਲ ਵੀ ਵਿਚਾਰ ਸਾਂਝੇ ਕੀਤੇ। ਇਸ ਪ੍ਰੋਗਰਾਮ ਦੇ ਦਸ ਬਾਰਾਂ ਐਪੀਸੋਡ ਹੋ ਚੁੱਕੇ ਹਨ।

ਬਿਪਨ ਜੋਸੀ ਨੂੰ "ਆਵਾਜ ਪੰਜਾਬ ਦੀ" ਪ੍ਰੋਗਰਾਮ ਵਿੱਚ ਬਤੌਰ ਐਂਕਰਿੰਗ ਕਰਨ ਦਾ ਮੌਕਾ ਵੀ ਮਿਲਿਆ। ਅੱਜ ਕੱਲ੍ਹ ਫਿਲਮਾਂ ਦਾ ਰੁਝਾਨ ਹੈ ਬਿਪਨ ਜੋਸੀ ਫਿਲਮਾਂ ਵੀ ਲਿਖ ਰਿਹਾ।ਹਰ ਇੱਕ ਚੀਜ ਤੋਂ ਬਿਪਨ ਜੋਸੀ ਕੁਝ ਨਾ ਕੁਝ ਨਵਾਂ ਸਿੱਖਦਾ ਰਹਿੰਦਾ ਹੈ ਉਸ ਅੰਦਰ ਸਿੱਖਣ ਦੀ ਤਾਂਘ ਰਹਿੰਦੀ ਹੈ।

"ਅੱਧੀ ਛੁੱਟੀ ਸਾਰੀ", "ਹੈਪੀ ਫੈਮਿਲੀ" ਤੇ "ਅਵਾਜ ਪੰਜਾਬ ਦੀ " ਇਹ ਪ੍ਰੋਗਰਾਮ ਐੱਮ ਐੱਚ ਵਨ ਤੇ ਚਲਾਏ ਜਾਂਦੇ ਹਨ।

ਰਾਜਿੰਦਰ ਰਾਣੀ ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ

ਚਿੰਤਨ, ਚੇਤਨਾ ਅਤੇ ਚੇਤੰਨਤਾ

ਕਿਤੇ ਮਨੁੱਖ ਡਰ ਅਤੇ ਸਹਿਮ ਨਾਲ ਜਾਂ ਫਿਰ ਉਹਨਾਂ ਘਟਨਾਵਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਗ੍ਰਹਿਣ ਕਰਕੇ ਬੋਝਲ ਹੋ ਰਿਹਾ ਹੈ। ਜਿਸ ਵਿੱਚੋਂ ਆਤਮਹੱਤਿਆ ਅਤੇ ਕਤਲੇਆਮ ਵਰਗੀਆਂ ਘਟਨਾਵਾਂ ਜਨਮ ਲੈਂਦੀਆਂ ਹਨ। ਅਕਸਰ ਇਸ ਨੂੰ ਆਪਾਂ ਕਮਜੋਰ ਮਾਨਸਿਕਤਾ ਵੀ ਕਹਿ ਦਿੰਦੇ ਹਾਂ ।

ਅੱਜ ਚਾਹੇ ਵਿਗਿਆਨ ਨੇ ਐਨੀ ਤਰੱਕੀ ਕਰ ਲਈ ਹੈ ਕਿ ਮਨੁੱਖ ਚੰਨ ਉੱਤੇ ਪਲਾਟ ਖਰੀਦਣ ਲੱਗ ਪਿਆ ਹੈ ।ਸਾਰੀ ਦੁਨੀਆ ਵਿੱਚ ਐਸੋ ਇਸਰਤ ਦੇ ਸਾਧਨ ਮੁਹੱਈਆ ਕਰਵਾ ਕੇ ਵਿਗਿਆਨ ਨੇ ਮਨੁੱਖ ਦੇ ਜੀਵਨ ਨੂੰ ਐਨਾ ਆਰਾਮਪ੍ਰਸਤ ਬਣਾ ਦਿੱਤਾ ਹੈ ਕਿ ਉਹ ਮੁੜ੍ਹਕਾ ਲੈਣਾ ਭੁੱਲ ਗਿਆ ਹੈ, ਉਸ ਨੂੰ ਪੈਦਲ ਸਫਰ ਕਰਨਾ ਔਖਾ ਲੱਗਦਾ ਹੈ। ਮਤਲਬ ਇਹ ਕਿ ਉਸ ਨੂੰ ਜਿੰਦਗੀ ਦੇ ਹਰ ਪੱਖੋਂ ਜਿਊਣ ਦੇ ਤੌਰ ਤਰੀਕਿਆਂ ਨੂੰ ਬਦਲ ਕੇ ਰੱਖ ਦਿੱਤਾ ਹੈ। ਐਨੀ ਤਰੱਕੀ ਕਰਨ ਦੇ ਬਾਵਜੂਦ ਅੱਜ ਦੇ ਮਨੁੱਖ ਕੋਲ ਖਾਣਾ ਖਾਣ ਦਾ ਸਮਾਂ ਨਹੀਂ ਹੈ, ਉਹ ਆਪਣਿਆਂ ਕੋਲ ਦੋ ਘੜੀ ਬੈਠ ਕੇ ਦੁੱਖ ਸੁੱਖ ਦੀ ਸਾਂਝ ਵੰਡਾਉਣਾ ਭੁੱਲ ਗਿਆ ਹੈ,ਉਸ ਦਾ ਮਨ ਅਸਾਂਤ ਹੈ,ਉਹ ਖਿਝਿਆ ਖਿਝਿਆ ਹੈ, ਉਹ ਬੁਝਿਆ ਬੁਝਿਆ ਰਹਿਣ ਲੱਗ ਪਿਆ ਹੈ,ਉਸ ਅੰਦਰੋਂ ਸਹਿਣਸੀਲਤਾ ਖਤਮ ਹੋ ਗਈ ਹੈ, ਕਿਤੇ ਉਹ ਉਹ ਕਾਤਲ ਬਣ ਰਿਹਾ ਤੇ ਕਿਤੇ ਆਤਮਘਾਤੀ ਬਣ ਰਿਹਾ ਹੈ। ਐਨੀਆਂ ਸੁੱਖ ਸਹੂਲਤਾਂ ਦੇ ਬਾਵਜੂਦ ਐਨੀ ਅਸਮੰਜਸਤਾ ਕਿਉਂ ?

ਵਿਗਿਆਨ ਚਾਹੇ ਜਿੰਨੀ ਮਰਜੀ ਤਰੱਕੀ ਕਰ ਲਵੇ, ਮਨੁੱਖ ਨੂੰ ਜਿੰਨੀਆਂ ਮਰਜੀ ਸੁੱਖ ਸਹੂਲਤਾਂ ਪ੍ਰਦਾਨ ਕਰ ਦੇਵੇ ਪਰ ਜੋ ਮਨੁੱਖ ਦੇ ਚਿੱਤ ਨਾਲ ਜੁੜੇ ਹੋਏ ਵਿਸੇ ਹਨ ਉਹਨਾਂ ਨੂੰ ਮਨੁੱਖ ਆਪ ਹੀ ਠੀਕ ਕਰ ਸਕਦਾ ਹੈ। ਜਿਵੇਂ ਕਿ ਪਦਾਰਥਵਾਦੀ ਯੁੱਗ ਹੋਣ ਕਰਕੇ ਅੱਜ ਦੇ ਮਨੁੱਖ ਦੇ ਮਨ ਵਿੱਚ ਸਵਾਰਥੀ ਸੋਚ ਭਾਰੂ ਹੈ ।ਉਹ ਆਪਣੀ ਨਿੱਜਤਾ ਤੋਂ ਉੱਪਰ ਉੱਠਣਾ ਹੀ ਨਹੀਂ ਚਾਹੁੰਦਾ। ਸਿਰਫ ਆਪਣੇ ਨਿੱਜੀ ਹਿੱਤਾਂ ਲਈ ਉਹ ਕਿਹੜੇ ਕਿਹੜੇ ਪਾਸੇ ਹੱਥ ਪੱਲੇ ਨਹੀਂ ਮਾਰਦਾ ? ਜਦ ਨਿੱਜੀ ਸਵਾਰਥਾਂ ਲਈ ਥੋੜ੍ਹੀ ਜਿਹੀ ਵੀ ਅਸਫਲਤਾ ਹੁੰਦੀ ਹੈ ਤਾਂ ਉਹ ਆਪੇ ਤੋਂ ਬਾਹਰ ਹੋ ਉੱਠਦਾ ਹੈ, ਜਿਸ ਕਰਕੇ ਭਿਆਨਕ ਨਤੀਜੇ ਸਾਹਮਣੇ ਆਉਂਦੇ ਹਨ। ਮਨੁੱਖ ਨੇ ਆਪਣੇ ਅੰਦਰ ਨੂੰ ਭਾਵ ਮਾਨਸਿਕ ਸਕਤੀਆਂ ਨੂੰ ਵਿਸਾਰ ਕੇ ਓਪਰੇਪਣ ਭਾਵ ਬਾਹਰੀ ਸਕਤੀਆਂ ਜਿਵੇਂ ਕਿ ਵਸਤਾਂ, ਅਹੁਦੇ, ਭੱਜ ਦੌੜ,ਸੁੱਖ ਸਹੂਲਤਾਂ ਲਈ ਹੱਥਕੰਡੇ ਅਪਣਾਉਣਾ ਆਦਿਕ ਨੂੰ ਆਪਣੇ ਉੱਪਰ ਹਾਵੀ ਕਰ ਦਿੱਤਾ ਹੈ। ਜਿਸ ਕਰਕੇ ਅੱਜ ਦੇ ਮਨੁੱਖ ਦੀ ਇਹ ਹਾਲਤ ਹੋ ਗਈ ਹੈ ।ਉਸ ਦੇ ਨਿਰਮਲ ਮਨ ਉੱਪਰ ਜਹਿਰੀ ਪਰਤ ਚੜ੍ਹ ਰਹੀ ਹੈ।

ਚਿੰਤਨ,ਚੇਤਨਾ ਅਤੇ ਚੇਤੰਨਤਾ ਤਿੰਨ ਇਹੋ ਜਿਹੇ ਸਬਦ ਹਨ ਜੋ ਮਨੁੱਖ ਦੇ ਚਿੱਤ ਨਾਲ ਜੁੜੇ ਹੋਏ ਹਨ। ਚਿੰਤਨ ਤੋਂ ਭਾਵ ਹੈ ਜੋ ਮਨੁੱਖ ਸਾਰਾ ਦਿਨ ਸੋਚਦਾ ਹੈ,ਉਹੀ ਗੱਲਾਂ ਹਰ ਸਮੇਂ ਉਸ ਦੇ ਦਿਮਾਗ ਵਿੱਚ ਚੱਲਦੀਆਂ ਰਹਿੰਦੀਆਂ ਹਨ। ਉਹੀ ਕੁਝ ਕੁ ਗੱਲਾਂ ਦਾ ਵਾਰ ਵਾਰ ਧਿਆਨ ਕਰਨ ਨਾਲ ਜਾਣੇ ਅਣਜਾਣੇ ਵਿੱਚ ਸਾਰਾ ਦਿਨ ਚਿੰਤਨ ਚੱਲਦਾ ਰਹਿੰਦਾ ਹੈ ।ਇਸ ਵਿੱਚ ਮਨੁੱਖ ਦਾ ਵੀ ਕੋਈ ਕਸੂਰ ਨਹੀਂ ਹੈ ।ਸਾਡੀ ਬਦਲ ਚੁੱਕੀ ਜੀਵਨ ਸੈਲੀ ਨੇ ਇਹੋ ਜਿਹੇ ਭਰਮਜਾਲ ਵਿੱਚ ਮਨੁੱਖ ਨੂੰ ਡੱਕ ਦਿੱਤਾ ਹੈ ਕਿ ਉਹ ਚਾਹੁੰਦੇ ਹੋਏ ਵੀ ਬਾਹਰ ਨਹੀਂ ਨਿਕਲ ਸਕਦਾ। ਹੱਥ ਵਿੱਚ ਮੋਬਾਇਲ ਫੋਨ ਹੈ ਅਤੇ ਜੋ ਉਸ ਉੱਤੇ ਪਰੋਸਿਆ ਜਾ ਰਿਹਾ ਹੈ ਉਹੀ ਸਾਰਾ ਦਿਨ ਦਿਮਾਗ ਵਿਚ ਚੱਲਦਾ ਹੈ, ਜੇ ਮੋਬਾਈਲ ਫੋਨ ਰੱਖ ਕੇ ਟੈਲੀਵਿਜਨ ਦੇਖੇਗਾ ਤਾਂ ਉਹੀ ਕੁਝ ਉਸ ਉੱਤੇ ਆ ਰਿਹਾ ਹੁੰਦਾ ਹੈ। ਜਿਵੇਂ ਬੱਚੇ ਨੂੰ ਪੇਪਰਾਂ ਦੀ ਤਿਆਰੀ ਕਰਵਾਉਣ ਲਈ ਵਾਰ ਵਾਰ ਦੁਹਰਾਈ ਕਰਵਾਈ ਜਾਂਦੀ ਹੈ ,ਉਹ ਪੜ੍ਹਾਈ ਉਸ ਦੇ ਦਿਮਾਗ ਵਿੱਚ ਚੰਗੀ ਤਰ੍ਹਾਂ ਬੈਠ ਜਾਂਦੀ ਹੈ ਉਸੇ ਤਰ੍ਹਾਂ ਮਨੁੱਖ ਦੇ ਆਲੇ ਦੁਆਲੇ ਵਾਪਰ ਰਹੀਆਂ ਘਟਨਾਵਾਂ ਜਾਂ ਦੁਰਘਟਨਾਵਾਂ ਵਾਰ ਵਾਰ ਦੇਖ ਕੇ ਸਾਰਾ ਦਿਨ ਚਿੰਤਨ ਚੱਲਦਾ ਰਹਿੰਦਾ ਹੈ ।ਸਾਰਾ ਦਿਨ ਇੱਕ ਦੋ ਕਿਸਮ ਦੀਆਂ ਰਲਵੀਆਂ ਮਿਲਵੀਆਂ ਘਟਨਾਵਾਂ ਜਾਂ ਦੁਰਘਟਨਾਵਾਂ ਦਾ ਚਿੰਤਨ ਸੁਭਾਵਿਕ ਤੌਰ ਤੇ ਹੀ ਮਨੁੱਖ ਕਰਦਾ ਰਹਿੰਦਾ ਹੈ। ਇਹ ਚਿੰਤਨ ਮਨ ਉੱਪਰ ਐਨਾ ਭਾਰੂ ਹੋ ਜਾਂਦਾ ਹੈ ਕਿ ਉਸੇ ਤਰ੍ਹਾਂ ਦੀ ਚੇਤਨਾ ਪੈਦਾ ਹੁੰਦੀ ਹੈ। ਉਸ ਦੇ ਮਨ ਦੇ ਅੰਦਰੋਂ ਅੰਦਰ ਨਕਾਰਾਤਮਕ ਵਿਚਾਰਾਂ ਦੀ ਸਵੈ ਚਰਚਾ ਚਲਦੀ ਰਹਿੰਦੀ ਹੈ ।ਉਹ ਇਸ ਕਦਰ ਮਨ ਉੱਤੇ ਭਾਰੂ ਹੋ ਜਾਂਦੀ ਹੈ ਕਿ ਹਰ ਦੁਰਘਟਨਾ ਆਪਣੇ ਨਾਲ ਜਾਂ ਫਿਰ ਆਪਣੇ ਨਜਦੀਕੀਆਂ ਨਾਲ ਨਾ ਕਿਤੇ ਵਾਪਰ ਜਾਵੇ ,ਇਸ ਦਾ ਡਰ ਬਣਿਆ ਰਹਿੰਦਾ ਹੈ ਇਹ ਚੇਤਨਾ ਪਹਿਲਾਂ ਸੁਚੇਤ ਮਨ ਨੂੰ ਕਾਬਜ ਕਰਦੀ ਹੈ ਫਿਰ ਹਰ ਸਮੇਂ ਸੋਚਦੇ ਸੋਚਦੇ ਅਵਚੇਤਨ ਮਨ ਵਿੱਚ ਉਤਰ ਜਾਂਦੀ ਹੈ ।ਇਸ ਤਰ੍ਹਾਂ ਸਾਡੇ ਸਮਾਜ ਵਿੱਚ ਬਹੁਤੀਆਂ ਅਣਸੁਖਾਵੀਂਆਂ ਘਟਨਾਵਾਂ ਵਾਪਰਨ ਦਾ ਕਾਰਨ ਬਣਦੀਆਂ ਹਨ। ਕਿਤੇ ਮਨੁੱਖ ਡਰ ਅਤੇ ਸਹਿਮ ਨਾਲ ਜਾਂ ਫਿਰ ਉਹਨਾਂ ਘਟਨਾਵਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ ਤੇ ਗ੍ਰਹਿਣ ਕਰਕੇ ਬੋਝਲ ਹੋ ਰਿਹਾ ਹੈ। ਜਿਸ ਵਿੱਚੋਂ ਆਤਮਹੱਤਿਆ ਅਤੇ ਕਤਲੇਆਮ ਵਰਗੀਆਂ ਘਟਨਾਵਾਂ ਜਨਮ ਲੈਂਦੀਆਂ ਹਨ ।ਅਕਸਰ ਇਸ ਨੂੰ ਆਪਾਂ ਕਮਜੋਰ ਮਾਨਸਿਕਤਾ ਵੀ ਕਹਿ ਦਿੰਦੇ ਹਾਂ ।ਅਸਲ ਵਿਚ ਕਮਜੋਰ ਮਾਨਸਿਕਤਾ ਉਪਰੋਕਤ ਦੱਸੇ ਕਾਰਨਾਂ ਕਰਕੇ ਹੌਲੀ ਹੌਲੀ ਕਦੋਂ ਪੈਦਾ ਹੋ ਜਾਂਦੀ ਹੈ ਇਸ ਦਾ ਮਨੁੱਖ ਨੂੰ ਖੁਦ ਵੀ ਪਤਾ ਨਹੀਂ ਚੱਲਦਾ।

ਚਿੰਤਨ ਅਤੇ ਚੇਤਨਾ ਤੋਂ ਬਾਅਦ ਆਪਾਂ ਚੇਤੰਨਤਾ ਦੀ ਗੱਲ ਕਰਦੇ ਹਾਂ। ਜਿਵੇਂ ਚਿੰਤਨ ਅਤੇ ਚੇਤਨਾ ਅਣਦੱਸੇ ਪ੍ਰਾਹੁਣੇ ਵਾਂਗ ਮਨੁੱਖੀ ਮਨ ਉੱਤੇ ਦਸਤਕ ਦਿੰਦੀਆਂ ਹਨ ਅਤੇ "ਭੈਣੇ ਤੂੰ ਮੈਨੂੰ ਪੈਰ ਰੱਖਣ ਨੂੰ ਥਾਂ ਦੇ , ਬੈਠ ਮੈਂ ਆਪੇ ਜਾਊਂ" ਕਹਾਵਤ ਦੇ ਸਿਧਾਂਤ ਤੇ ਕੰਮ ਕਰਦਿਆਂ ਮਨੁੱਖੀ ਚਿੱਤ ਨੂੰ ਘੁਣ ਵਾਂਗ ਲੱਗ ਜਾਂਦੀਆਂ ਹਨ ਪਰ ਚੇਤੰਨਤਾ ਮਨੁੱਖ ਨੂੰ ਆਪ ਪੈਦਾ ਕਰਨੀ ਪੈਂਦੀ ਹੈ ।ਇਸ ਲਈ ਬਹੁਤ ਘਾਲਣਾ ਘਾਲਣ ਦੀ ਲੋੜ ਨਹੀਂ ਪੈਂਦੀ। ਜਦੋਂ ਵਾਰ ਵਾਰ ਢਾਹੂ ਵਾਤਾਵਰਨ, ਖਬਰਾਂ, ਦੁਰਘਟਨਾਵਾਂ ਜਾਂ ਲੋਕਾਂ ਦੁਆਰਾ ਮੁਸੀਬਤ ਦਾ ਸਾਹਮਣਾ ਨਾ ਕਰਕੇ ਕੋਈ ਕੋਝੇ ਕਦਮ ਉਠਾਉਣ ਵਰਗੀਆਂ ਗੱਲਾਂ ਚਿੱਤ ਤੇ ਭਾਰੂ ਹੋ ਕੇ ਦੁਖੀ ਕਰਨ ਲੱਗਣ ਤਾਂ, ਆਪਣੇ ਅੰਦਰ ਚੇਤੰਨਤਾ ਪੈਦਾ ਕਰੋ, ਸਤਰਕਤਾ ਵਰਤੋ। "ਬੁੱਲ੍ਹਿਆ ਮਨ ਦਾ ਕੀ ਸਮਝਾਉਣਾ ਏਧਰੋਂ ਪੁੱਟਣਾ ਓਧਰ ਲਾਉਣਾ "ਵਾਲੇ ਸਿਧਾਂਤ ਨੂੰ ਪ੍ਰਯੋਗ ਵਿੱਚ ਲਿਆਵੋ। ਆਪਣੇ ਅੰਦਰ ਸੋਚ ਪੈਦਾ ਕਰੋ ਕਿ ਇਹ ਜਰੂਰੀ ਨਹੀਂ ਹੈ ਜੋ ਦੁਰਘਟਨਾ ਕਿਸੇ ਹੋਰ ਨਾਲ ਹੋਈ ਹੈ ਉਹ ਸਭ ਨਾਲ ਵਾਪਰੇ, ਆਪਣੇ ਆਪ ਨੂੰ ਦੋ ਘੜੀ ਸਾਂਤ ਬੈਠ ਕੇ ਹੌਸਲਾ ਦਵੋ,ਵਡਿਆਓ, ਆਪਣੇ ਆਪ ਨੂੰ ਚਾਹੇ ਸਰੀਰਕ ਤੌਰ ਤੇ ਨਾ ਸਹੀ ਪਰ ਮਾਨਸਿਕ ਤੌਰ ਤੇ ਦਲੇਰ ਹੋਣ ਦਾ ਚਿੰਤਨ ਕਰਦੇ ਹੋਏ ਸੰਦੇਸ ਦਿਓ। ਜਿਹੜੇ ਸੋਮਿਆਂ ਜਾਂ ਸਾਧਨਾਂ ਤੋਂ ਤੁਹਾਡੇ ਅੰਦਰਲੀ ਮਾਨਸਿਕਤਾ ਵਿੱਚ ਗਿਰਾਵਟ ਪੈਦਾ ਹੁੰਦੀ ਹੈ ਉਹਨਾਂ ਨੂੰ ਵਰਤਣ ਤੋਂ ਪਰਹੇਜ ਕਰੋ। ਚੰਗੀਆਂ ਉਸਾਰੂ ਗਤੀਵਿਧੀਆਂ ਬਾਰੇ ਸੋਚੋ ਪੜ੍ਹੋ ਅਤੇ ਅਪਣਾਓ। ਬਸ ਫਿਰ ਕੀ ਹੈ , ਥੋੜ੍ਹੀ ਜਿਹੀ ਚੇਤੰਨਤਾ ਨਾਲ ਉਹੀ ਚਿੰਤਨ ਅਤੇ ਚੇਤਨਾ ਇਖਲਾਕੀ ਅਤੇ ਸਮਾਜਿਕ ਤੌਰ ਤੇ ਗਿਰਦੇ ਮਨੁੱਖੀ ਜੀਵਨ ਨੂੰ ਨਵੀਂ ਦਿਸਾ ਪ੍ਰਦਾਨ ਕਰੇਗੀ।

ਬਰਜਿੰਦਰ ਕੌਰ ਬਿਸਰਾਓ...
9988901324

ਸੋਸ਼ਲ ਨੈੱਟਵਰਕਿੰਗ ਸਾਈਟਾਂ ਦੀ ਸੁਰੱਖਿਅਤ ਵਰਤੋਂ

ਅੱਜ ਸੋਸ਼ਲ ਨੈੱਟਵਰਕਿੰਗ ਦਾ ਜ਼ਮਾਨਾ ਹੈ ।ਪਹਿਲਾਂ ਕੰਪਿਊਟਰ ਦੀ ਆਮਦ, ਫੇਰ ਮੋਬਾਈਲਾਂ ਦਾ ਜਾਲ, ਉਸ ਤੋਂ ਬਾਅਦ ਇੰਟਰਨੈੱਟ ਤੇ ਹੁਣ ਸਮਾਰਟ ਫ਼ੋਨ ਆਉਣ ਨਾਲ਼ ਹਰ ਕੋਈ ਦੁਨੀਆ ਨੂੰ ਆਪਣੀ ਜੇਬ ਵਿੱਚ ਪਾਈ ਫਿਰਦਾ ਹੈ ।ਸਮੇਂ ਦੇ ਨਾਲ਼ ਤਾਂ ਚੱਲਣਾ ਹੀ ਪੈਣਾ ਹੈ, ਨਹੀਂ ਤਾਂ ਅਸੀਂ ਬਹੁਤ ਪਿੱਛੇ ਰਹਿ ਜਾਵਾਂਗੇ ।ਆਪਾਂ ਸਾਰੇ ਦੇਖਦੇ ਹਾਂ ਕਿ ਅੱਜ-ਕੱਲ੍ਹ ਹਰ ਕੋਈ ਆਪਣੀ ਹੀ ਦੁਨੀਆ ਵਿੱਚ ਮਸਤ ਹੈ ।ਕੋਈ ਫੇਸਬੁੱਕ 'ਤੇ, ਕੋਈ ਟਵੀਟਰ 'ਤੇ, ਕੋਈ ਇੰਸਟਾਗਰਾਮ 'ਤੇ ਅਤੇ ਕੋਈ ਵਟਸਐਪ 'ਤੇ ਰੁੱਝਿਆ ਹੋਇਆ ਹੈ ।ਇਹ ਵੀ ਸੱਚ ਹੈ ਕਿ ਇਹਨਾਂ ਤੋਂ ਬਿਨਾਂ ਹੁਣ ਗੁਜ਼ਾਰਾ ਨਹੀਂ ਤੇ ਉਸਾਰੂ ਕੰਮਾਂ ਲਈ ਇਹਨਾਂ ਦਾ ਕੋਈ ਸਾਨੀ ਵੀ ਨਹੀਂ ਹੈ ।ਉੱਥੇ ਇਹ ਵੀ ਸਹੀ ਹੈ ਕਿ ਕਿਸੇ ਵੀ ਚੀਜ਼ ਦੀ ਲੋੜ ਤੋਂ ਜ਼ਿਆਦਾ ਵਰਤੋਂ ਕਰਨੀ ਨੁਕਸਾਨਦਾਇਕ ਹੈ ।ਡਾਕਟਰਾਂ ਦੀਆਂ ਰਿਪੋਰਟਾਂ ਤਾਂ ਇੱਥੋਂ ਤੱਕ ਵੀ ਆ ਰਹੀਆਂ ਹਨ ਕਿ ਜੇ ਇਹੀ ਹਾਲ ਰਿਹਾ ਤਾਂ ਆਉਂਦੇ ਸਾਲਾਂ ਵਿੱਚ ਨਸ਼ਾ ਛੁਡਾਊ ਕੇਂਦਰਾਂ ਵਾਂਗ ਇਹ ਆਧੁਨਿਕ ਲਤ ਹਟਾਉਣ ਲਈ ਵੀ ਅਜਿਹੇ ਕੇਂਦਰ ਖੁੱਲ੍ਹ ਜਾਣਗੇ ।ਉਸ ਸਮੇਂ ਕਿਸ ਤਰਾਂ ਦੀਆਂ ਮੁਸ਼ਕਲਾਂ ਆਉਣਗੀਆਂ, ਇਹ ਅੰਦਾਜ਼ਾ ਲਾਉਣਾ ਅਜੇ ਔਖਾ ਹੈ।

ਅਕਸਰ ਨਵੀਂ ਤਕਨੀਕ ਪੁਰਾਣੀ ਨੂੰ ਖਾ ਜਾਂਦੀ ਹੈ ।ਜਿਸ ਤਰਾਂ ਮੋਬਾਈਲ ਫ਼ੋਨ ਆਉਣ ਨਾਲ਼ ਲੈਂਡ ਲਾਈਨ ਫ਼ੋਨ ਲਗਭਗ ਖ਼ਤਮ ਹੀ ਹੋ ਗਏ ।ਕੁਝ ਲੋਕ ਇਹ ਵੀ ਜਾਣਦੇ ਹੋਣਗੇ ਕਿ ਲੈਂਡ ਲਾਈਨ ਫੋਨਾਂ ਤੋਂ ਬਾਅਦ ਤੇ ਮੋਬਾਈਲ ਫ਼ੋਨ ਆਉਣ ਤੋਂ ਪਹਿਲਾਂ ਵੀ ਪੇਜ਼ਰ ਨਾਂ ਦੀ ਇੱਕ ਤਕਨੀਕ ਆਈ ਸੀ, ਜਿਸ ਦੀ ਵਰਤੋਂ ਸੁਨੇਹੇ ਦੇਣ ਲਈ ਕੀਤੀ ਜਾਂਦੀ ਸੀ ।ਪਰ ਇਹ ਤਕਨੀਕ ਥੋੜ੍ਹੀ ਦੇਰ ਹੀ ਚੱਲੀ, ਛੇਤੀ ਹੀ ਇਸ ਦੀ ਜਗ੍ਹਾ ਮੋਬਾਈਲਾਂ ਨੇ ਲੈ ਲਈ ।ਫੇਰ ਫ਼ੋਨ ਕਰਨ ਦੇ ਨਾਲ਼-ਨਾਲ਼ ਸੁਨੇਹੇ ਵੀ ਮੋਬਾਈਲਾਂ ਰਾਹੀਂ ਹੀ ਭੇਜੇ ਜਾਣ ਲੱਗੇ ।ਹੁਣ ਸਮਾਰਟ ਫੋਨਾਂ ਦੀ ਆਮਦ ਨਾਲ਼ ਵਟਸਐਪ ਬਹੁਤ ਪ੍ਰਚਲਿਤ ਹੋ ਚੁੱਕੀ ਹੈ ।ਇਸ ਦੇ ਆਉਣ ਨਾਲ਼ ਮੋਬਾਈਲਾਂ ਰਾਹੀਂ ਸੁਨੇਹੇ ਭੇਜਣੇ ਵੀ ਲਗਭਗ ਬੰਦ ਹੀ ਹੋ ਚੁੱਕੇ ਹਨ ।ਸਿਰਫ਼ ਬੈਂਕਾਂ ਜਾਂ ਦਫ਼ਤਰੀ ਕੰਮ-ਕਾਜ ਵਾਲ਼ੇ ਸੁਨੇਹੇ ਹੀ ਮੋਬਾਈਲਾਂ ਰਾਹੀਂ ਆਉਂਦੇ ਹਨ।

ਅੱਜ-ਕੱਲ੍ਹ ਵਟਸਐਪ ਲਗਭਗ ਹਰ ਕੋਈ ਚਲਾ ਰਿਹਾ ਹੈ ।ਵਟਸਐਪ ਮੋਬਾਈਲ 'ਤੇ ਤਾਂ ਚੱਲਦੀ ਹੀ ਹੈ ਇਸ ਨੂੰ ਕੰਪਿਊਟਰ 'ਤੇ ਵੀ ਬੜੀ ਆਸਾਨੀ ਨਾਲ਼ ਚਲਾਇਆ ਜਾ ਸਕਦਾ ਹੈ ।ਬੱਸ, ਕੰਪਿਊਟਰ ਤੇ ਮੋਬਾਈਲ ਦੋਹਾਂ ਵਿੱਚ ਇੰਟਰਨੈੱਟ ਸੇਵਾ ਦਾ ਚੱਲਦੇ ਹੋਣਾ ਜ਼ਰੂਰੀ ਹੈ ।ਕੰਪਿਊਟਰ ਦੀ ਸਕਰੀਨ 'ਤੇ ਬ੍ਰਾਊਜ਼ਰ ਖੋਲ੍ਹ ਕੇ ਐਡਰੈੱਸ ਬਾਰ 'ਤੇ ਜਾ ਕੇ https://web.whatsapp.com ਟਾਈਪ ਕਰਨਾ ਹੈ ਅਤੇ ਮੋਬਾਈਲ ਤੋਂ ਵਟਸਐਪ ਖੋਲ੍ਹਣੀ ਹੈ ।ਵਟਸਐਪ ਖੋਲ੍ਹ ਕੇ ਮੋਬਾਈਲ ਦੇ ਉੱਪਰ ਸੱਜੇ ਪਾਸੇ ਵਾਲ਼ਾ ਲਿੰਕ ਖੋਲ੍ਹ ਕੇ ਤੀਜੀ ਆਪਸ਼ਨ WhatsApp 'ਤੇ ਟੱਚ ਕਰ ਕੇ ਮੋਬਾਈਲ ਨੂੰ ਕੰਪਿਊਟਰ ਦੀ ਸਕਰੀਨ ਦੇ ਸਾਹਮਣੇ ਕਰ ਦੇਣਾ ਹੈ ।ਕੁਝ ਕੁ ਸਕਿੰਟਾਂ ਵਿੱਚ ਹੀ ਮੋਬਾਈਲ ਵਾਲ਼ੀ ਵਟਸਐਪ ਬਾਰ-ਕੋਡ ਰਾਹੀਂ ਸਕੈਨ ਹੋ ਕੇ ਕੰਪਿਊਟਰ 'ਤ ਚੱਲਣ ਲੱਗ ਜਾਵੇਗੀ।

ਇਹਨਾਂ ਸਾਰੀਆਂ ਨੈੱਟਵਰਕਿੰਗ ਸਾਈਟਾਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਸ਼ੰਕੇ ਹਨ ।ਇਹ ਤਾਂ ਆਪਾਂ ਸਾਰੇ ਭਲੀਭਾਂਤ ਜਾਣਦੇ ਹਾਂ ਕਿ ਕਿਸੇ ਵੀ ਨੈੱਟਵਰਕਿੰਗ ਸਾਈਟ ਦੀ ਆਈ.ਡੀ. ਦਾ ਪਿਨਕੋਡ (ਪਾਸਵਰਡ) ਸੌਖਾ ਨਹੀਂ ਹੋਣਾ ਚਾਹੀਦਾ ।ਮਸਲਨ ਇਹ ਨਾਂ, ਗੋਤ, ਜਨਮ ਮਿਤੀ, ਮੋਬਾਈਲ ਨੰਬਰ, ਰੋਲ ਨੰਬਰ, ਬੈਂਕ ਖਾਤਾ ਨੰਬਰ, ਪਾਸਪੋਰਟ ਨੰਬਰ ਜਾਂ ਪੈਨ ਕਾਰਡ ਨੰਬਰ ਆਦਿ ਨਾਲ਼ ਮਿਲਦਾ-ਜੁਲਦਾ ਨਹੀਂ ਹੋਣਾ ਚਾਹੀਦਾ ਕਿਉਂਕਿ ਜੇ ਸਾਡਾ ਪਿਨਕੋਡ ਇਹਨਾਂ ਨਾਲ਼ ਮਿਲਦਾ-ਜੁਲਦਾ ਹੋਵੇਗਾ ਤਾਂ ਇਹ ਸੌਖਿਆਂ ਹੀ ਹੈਕ ਹੋ ਸਕਦਾ ਹੈ ।ਇੱਕ ਗੱਲ ਹੋਰ ਧਿਆਨ ਦੇਣ ਯੋਗ ਹੈ ਕਈ ਬਾਰ ਸਾਨੂੰ ਸਾਡੀ ਈ.ਮੇਲ. ਆਈ.ਡੀ. 'ਤੇ ਲਿੰਕ ਆਉਂਦੇ ਹਨ, ਉਦਾਹਰਨ ਦੇ ਤੌਰ ਅਸੀਂ ਈ.ਮੇਲ. ਆਈ.ਡੀ.'ਤੇ ਦੇਖਦੇ ਹਾਂ ਕਿ ਫੇਸਬੁੱਕ 'ਤੇ ਕਿਸੇ ਨੇ ਸਾਨੂੰ ਫਰੈਂਡ ਰਿਕੁਐਸਟ ਭੇਜੀ ਹੈ, ਅਸੀਂ ਉਸ ਲਿੰਕ ਨੂੰ ਕਲਿੱਕ ਕਰ ਦਿੰਦੇ ਹਾਂ ਜਾਂ ਉਸ ਲਿੰਕ ਨੂੰ ਕਾਪੀ-ਪੇਸਟ ਕਰ ਲੈਂਦੇ ਹਾਂ ।ਕਈ ਬਾਰ ਉਹ ਲਿੰਕ ਫੇਸਬੁੱਕ ਦੀ ਬਜਾਇ ਕਿਸੇ ਹੈੱਕਰ ਵੱਲੋਂ ਭੇਜਿਆ ਹੁੰਦਾ ਹੈ ਤੇ ਸਾਡੇ ਕਲਿੱਕ ਕਰਨ ਤੋਂ ਬਾਅਦ ਫੇਸਬੁੱਕ ਨਾਲ਼ ਮਿਲਦਾ-ਜੁਲਦਾ ਨਕਲੀ ਵੈੱਬ ਪੇਜ ਖੁੱਲ੍ਹ ਜਾਂਦਾ ਹੈ ਤੇ ਸਾਡੇ ਦੁਆਰਾ ਪਿਨਕੋਡ ਭਰਨ ਤੋਂ ਬਾਅਦ ਸਾਡੀ ਸਾਰੀ ਜਾਣਕਾਰੀ ਫੇਸਬੁੱਕ ਦੇ ਬਜਾਇ ਹੈੱਕਰ ਦੇ ਸਰਵਰ 'ਤੇ ਚਲੀ ਜਾਂਦੀ ਹੈ ਤੇ ਉਹ (ਹੈੱਕਰ) ਇਸ ਦੀ ਗ਼ਲਤ ਵਰਤੋਂ ਕਰ ਸਕਦਾ ਹੈ ।ਇਸ ਲਈ ਸਾਨੂੰ ਅਜਿਹੇ ਲਿੰਕਾਂ 'ਤੇ ਕਲਿੱਕ ਕਰਨ ਜਾਂ ਕਾਪੀ-ਪੇਸਟ ਕਰਨ ਦੀ ਬਜਾਇ ਆਪਣੇ ਕੰਪਿਊਟਰ ਦਾ ਬ੍ਰਾਊਜ਼ਰ ਖੋਲ੍ਹ ਕੇ ਉਸ ਦੇ ਐਡਰੈੱਸ ਬਾਰ 'ਤੇ ਟਾਈਪ ਕਰਨਾ ਚਾਹੀਦਾ ਹੈ ।ਐਡਰੈੱਸ ਬਾਰ ਰਾਹੀਂ ਫੇਸਬੁੱਕ 'ਤੇ ਲੌਗ-ਇਨ ਕਰ ਕੇ ਸਾਨੂੰ ਪਤਾ ਲੱਗ ਜਾਵੇਗਾ ਕਿ ਕਿਸੇ ਨੇ ਸਾਨੂੰ ਫਰੈਂਡ ਰਿਕੁਐਸਟ ਭੇਜੀ ਹੈ ਜਾਂ ਨਹੀਂ।

ਵਟਸਐਪ ਦੇ ਹੈਕ (ਚੋਰੀ) ਹੋ ਜਾਣ ਦੇ ਮੌਕੇ ਹੋਰ ਵੀ ਜ਼ਿਆਦਾ ਹਨ ਕਿਉਂਕਿ ਇਸ ਨੂੰ ਚਲਾਉਣ ਜਾਂ ਲੌਗ-ਇਨ ਕਰਨ ਲਈ ਕੋਈ ਪਿਨਕੋਡ ਨਹੀਂ ਹੁੰਦਾ ।ਇਸ ਲਈ ਇਸ ਦੀ ਵਰਤੋਂ ਬਹੁਤ ਧਿਆਨ ਨਾਲ਼ ਕਰਨੀ ਚਾਹੀਦੀ ਹੈ ।ਵਟਸਐਪ ਚੱਲਣ ਦਾ ਮੁੱਖ ਆਧਾਰ ਸਿੰਮ (ਮੋਬਾਈਲ ਨੰਬਰ) ਤੇ ਇੰਟਰਨੈੱਟ ਹੈ। ਪਰ ਮੋਬਾਈਲ ਨੰਬਰ ਦੀ ਜ਼ਰੂਰਤ ਸਿਰਫ਼ ਇੱਕ ਬਾਰ ਚਲਾਉਣ ਲਈ ਹੀ ਪੈਂਦੀ ਹੈ ।ਵਟਸਐਪ ਡਾਊਨਲੋਡ ਕਰ ਕੇ ਤੇ ਫਿਰ ਮੋਬਾਈਲ ਵਿੱਚ ਇੰਸਟਾਲ ਕਰਨ ਤੋਂ ਤੁਰੰਤ ਬਾਅਦ ਮੋਬਾਈਲ ਦੇ ਇਨ-ਬੌਕਸ ਵਿੱਚ ਇੱਕ ਵਾਰੀ ਵਾਲ਼ਾ ਪਿਨਕੋਡ (ਓ.ਟੀ.ਪੀ.) ਆਉਂਦਾ ਹੈ, ਉਹ ਇੱਕ ਵਾਰੀ ਵਾਲ਼ਾ ਪਿਨਕੋਡ ਭਰਨ ਤੋਂ ਬਾਅਦ ਵਟਸਐਪ ਚੱਲਣੀ ਸ਼ੁਰੂ ਹੋ ਜਾਂਦੀ ਹੈ ।ਇੱਥੇ ਬਹੁਤ ਸਾਵਧਾਨੀ ਦੀ ਜ਼ਰੂਰਤ ਹੈ ਕਿਉਂਕਿ ਕੋਈ ਵੀ ਇੱਕ ਬਾਰ ਤੁਹਾਡਾ ਮੋਬਾਈਲ ਫ਼ੋਨ ਮੰਗ ਕੇ ਉਸ ਵਿਚਲਾ ਇੱਕ ਵਾਰੀ ਵਾਲ਼ਾ ਪਿਨਕੋਡ (ਓ.ਟੀ.ਪੀ.) ਦੇਖ ਸਕਦਾ ਹੈ ਤੇ ਉਸ ਨੂੰ ਆਪਣੇ ਮੋਬਾਈਲ ਵਿੱਚ ਭਰ ਕੇ ਤੁਹਾਡਾ ਵਟਸਐਪ ਆਪਣੇ ਮੋਬਾਈਲ ਵਿੱਚ ਚਲਾ ਸਕਦਾ ਹੈ ਤੇ ਤੁਹਾਨੂੰ ਪਤਾ ਵੀ ਨਹੀਂ ਲੱਗੇਗਾ ।ਇਹ 'ਕੋਈ ਵੀ' ਤੁਹਾਡਾ ਜਾਣਕਾਰ ਵੀ ਹੋ ਸਕਦਾ ਹੈ, ਤੁਹਾਡਾ ਦੋਸਤ, ਰਿਸ਼ਤੇਦਾਰ ਜਾਂ ਗੁਆਂਢੀ ਵੀ ਹੋ ਸਕਦਾ ਹੈ ।ਇਸ ਲਈ ਇਸ ਤੋਂ ਭੇਜਣ ਵਾਲ਼ੇ ਕਿਸੇ ਵੀ ਤਰ੍ਹਾਂ ਦੇ ਸੁਨੇਹੇ ਦੇ ਜ਼ਿੰਮੇਵਾਰ ਤੁਸੀਂ ਹੀ ਹੋਵੋਗੇ, ਬੇਸ਼ੱਕ ਉਹ ਸੁਨੇਹਾ ਤੁਸੀਂ ਨਾ ਵੀ ਭੇਜਿਆ ਹੋਵੇ।

ਮੁੱਕਦੀ ਗੱਲ ਇਹ ਹੈ ਕਿ ਸਾਨੂੰ ਇਹ ਸਾਈਟਾਂ ਚਲਾਉਣ ਲਈ ਸਮੇਂ ਦੀ ਇੱਕ ਹੱਦ ਤੈਅ ਕਰ ਲੈਣੀ ਚਾਹੀਦੀ ਹੈ ਅਤੇ ਇਹਨਾਂ ਦੀ ਵਰਤੋਂ ਸਿਰਫ਼ ਸਾਰਥਿਕ ਕੰਮਾਂ ਲਈ ਹੀ ਕਰਨੀ ਚਾਹੀਦੀ ਹੈ ।ਇੱਥੇ ਇਹ ਵੀ ਵਰਣਨ ਯੋਗ ਹੈ ਕਿ ਇਹਨਾਂ ਦੀ ਵਰਤੋਂ ਕਰਦਿਆਂ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਹੀਂ ਕਰਨੀ ਚਾਹੀਦੀ ।ਇਸ ਤਰਾਂ ਨਾਲ਼ ਅਸੀਂ ਸਮੇਂ ਦੇ ਹਾਣੀ ਵੀ ਬਣੇ ਰਹਾਂਗੇ ਅਤੇ ਕਿਸੇ ਤਰਾਂ ਦੀ ਮੁਸ਼ਕਿਲ ਵਿੱਚ ਵੀ ਨਹੀਂ ਆਵਾਂਗੇ।

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211

ਲੋਕ-ਕਾਵਿ ਦੀ ਖੱਟੀ-ਮਿੱਠੀ ਵਿਧਾ ਸਿੱਠਣੀਆਂ

ਸਿੱਠਣੀਆਂ ਦੇ ਤੀਰ ਜ਼ਿਆਦਾਤਰ ਨਾਨਕੀਆਂ-ਦਾਦਕੀਆਂ ਵੱਲੋਂ ਇਕ-ਦੂਜੀ ਵੱਲ ਛੱਡੇ ਜਾਂਦੇ ਹਨ, ਪਰ ਇਨ੍ਹਾਂ ਦੀ ਮਿੱਠੀ ਮਾਰ ਤੋਂ ਨਾ ਪਰਿਵਾਰ ਦੇ ਮੈਂਬਰ ਬਚਦੇ ਹਨ ਨਾ ਕੋਈ ਰਿਸ਼ਤੇਦਾਰ। ਜਿੱਥੇ ਦਿਓਰ-ਜੇਠ, ਜੀਜੇ, ਕੁੜਮ ਤੇ ਮਾਮੇ ਜਾਂ ਫੁੱਫੜ ਨੂੰ ਸਿੱਠਣੀਆਂ ਮਿਲਦੀਆਂ ਹਨ ਉੱਥੇ ਵਿਚੋਲੇ ਨਾਲ ਵੀ ਘੱਟ ਨਹੀਂ ਗੁਜ਼ਾਰੀ ਜਾਂਦੀ। ਇਹ ਸਿੱਠਣੀਆਂ ਕਈ ਵਾਰ ਤਾਂ ਸਿੱਧਾ ਡਾਂਗ-ਸੋਟਾ ਬਣ ਕੇ ਹੀ

ਮੂਲ ਰੂਪ ਵਿਚ ਕਿਸੇ ਵੀ ਖੇਤਰ, ਸੂਬੇ ਜਾਂ ਦੇਸ਼ ਦਾ ਲੋਕ-ਕਾਵਿ ਉੱਥੋਂ ਦੇ ਵਸਨੀਕਾਂ ਦੇ ਧੁਰ ਅੰਦਰ ਦੀ ਸਿੱਧੀ-ਸਾਦੀ ਭਾਸ਼ਾ ਵਿਚ ਪ੍ਰਗਟਾਈ ਆਵਾਜ਼ ਹੈ। ਇਨ੍ਹਾਂ ਲੋਕ ਗੀਤਾਂ ਨੂੰ ਸਿਰਜਣ ਵਾਲੇ ਅਨੇਕ ਲੋਕ ਹਨ। ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਕਿਰਤ ਨਹੀਂ ਹਨ। ਸਮੇਂ ਦੇ ਨਾਲ ਕਈ ਵਾਰ ਇਨ੍ਹਾਂ ਵਿਚ ਫੇਰ-ਬਦਲ ਵੀ ਹੁੰਦਾ ਰਹਿੰਦਾ ਹੈ। ਆਮ ਤੌਰ 'ਤੇ ਲੋਕ-ਕਾਵਿ ਪੇਂਡੂ ਰਹਿਤਲ ਨਾਲ ਜੁੜਿਆ ਹੋਇਆ ਹੈ। ਇਸ ਕਾਵਿ ਦੀ ਖਾਸੀਅਤ ਹੈ ਕਿ ਇਹ ਭਾਵੇਂ ਬਹੁਤਾ ਨਾਰੀ ਮਨ ਵਿਚੋਂ ਹੂਕ ਵਾਂਗ ਜਾਂ ਹੇਕ ਵਾਂਗ ਨਿਕਲਿਆ ਹੈ, ਪਰ ਇਹ ਨਿੱਜ ਤੋਂ ਪਰ ਤਕ ਦਾ ਸਫ਼ਰ ਤੈਅ ਕਰਦਾ ਘਰ-ਪਰਿਵਾਰ ਤੋਂ ਸੂਬੇ ਤੇ ਦੇਸ਼ ਵਿਚ ਉਡਾਰੀਆਂ ਲਾਉਂਦਾ ਵਿਸ਼ਵ ਪੱਧਰ ਤਕ ਦੀ ਗੱਲ ਵੀ ਕਰ ਜਾਂਦਾ ਹੈ। ਜਿੱਥੇ ਇਹ ਗਹਿਰ-ਗੰਭੀਰ ਵਿਸ਼ਿਆਂ ਉੱਤੇ ਪਕੜ ਰੱਖਦਾ ਹੈ ਉੱਥੇ ਹਲਕੇ-ਫੁਲਕੇ, ਹਾਸੇ-ਠੱਠੇ ਅਤੇ ਵਿਅੰਗਮਈ ਰਸ ਨਾਲ ਵੀ ਭਰਪੂਰ ਹੈ। ਇਸੇ ਖੱਟੇ-ਮਿੱਠੇ ਰਸ ਨਾਲ ਲਬਾਲਬ ਭਰੀਆਂ ਹਨ 'ਸਿੱਠਣੀਆਂ'। ਸਿੱਠਣੀ ਲੋਕ-ਕਾਵਿ ਦੀ ਤਿੱਖੀ ਮਜ਼ਾਕੀਆ ਵਿਧਾ ਹੈ ਜਿਸ ਦਾ ਰਿਵਾਜ ਲੋਕਧਾਰਾ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਕੁਝ ਵਿਦਵਾਨਾਂ ਅਨੁਸਾਰ 'ਸਿਠ' ਸ਼ਬਦ ਦਾ ਅਰਥ ਹਾਸਾ-ਠੱਠਾ ਜਾਂ ਮਜ਼ਾਕ ਹੈ। ਇਹ ਵੀ ਹੋ ਸਕਦਾ ਹੈ ਸਿੱਠਣੀ ਸ਼ਬਦ ਸਿਠ ਤੋਂ ਹੀ ਬਣਿਆ ਹੋਵੇ।

ਜਿੱਥੇ ਮੁੰਡੇ ਦੇ ਵਿਆਹ ਮੌਕੇ ਘੋੜੀਆਂ ਅਤੇ ਕੁੜੀ ਦੇ ਵਿਆਹ ਸਮੇਂ ਸੁਹਾਗ ਗਾਏ ਜਾਂਦੇ ਹਨ ਉੱਥੇ ਸਿੱਠਣੀਆਂ ਮੁੰਡੇ-ਕੁੜੀ ਦੋਵਾਂ ਦੇ ਵਿਆਹ ਵੇਲੇ ਲਈ ਪ੍ਰਵਾਨਤ ਤੇ ਪ੍ਰਚੱਲਤ ਵਿਧਾ ਹੈ। ਮੰਗਣੇ-ਕੁੜਮਾਈ ਦੀ ਰਸਮ ਸਮੇਂ ਵੀ ਸਿੱਠਣੀਆਂ ਸੁਣਨ ਨੂੰ ਮਿਲਦੀਆਂ ਹਨ। ਘੋੜੀਆਂ ਤੇ ਸੁਹਾਗ ਨੂੰ ਗੀਤ ਗਾਉਣਾ ਕਿਹਾ ਜਾਂਦਾ ਹੈ, ਪਰ ਸਿੱਠਣੀਆਂ ਨੂੰ ਗਾਉਣਾ ਨਹੀਂ ਸਿੱਠਣੀਆਂ ਦੇਣੀਆਂ ਕਿਹਾ ਜਾਂਦਾ ਹੈ। ਸਿੱਠਣੀਆਂ ਢੁੱਕਵੇਂ ਤੇ ਫੁੱਬਵੇਂ ਸ਼ਬਦਾਂ ਵਿਚ ਦਿੱਤੇ ਜਾਂਦੇ ਮਿਹਣਿਆਂ ਵਰਗੀਆਂ ਹੀ ਤਾਂ ਹੁੰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਗਾਉਂਦੀਆਂ ਦੀਆਂ ਸਿੱਠਣੀਆਂ ਤੇ ਲੜਦੀਆਂ ਦੇ ਮਿਹਣੇ ਪਰ ਅੰਤਰ ਇਹ ਹੈ ਕਿ ਸਿੱਠਣੀਆਂ ਵਿਚ ਮਿਹਣੋ-ਮਿਹਣੀ ਹੋ ਕੇ ਟੁੱਟਣ ਵਾਲੀ ਨੌਬਤ ਨਹੀਂ ਆਉਂਦੀ। ਪੁਰਾਣੇ ਸਮੇਂ ਖਾਸ ਕਰ ਪਿੰਡਾਂ ਵਿਚ ਮੰਨੋਰੰਜਨ ਦੇ ਕੋਈ ਸਾਧਨ ਨਹੀਂ ਸਨ ਹੁੰਦੇ। ਕਿਸੇ ਵਿਰਲੇ-ਟਾਵੇਂ ਘਰ ਰੇਡੀਓ ਹੁੰਦਾ ਸੀ। ਵਿਆਹ-ਸ਼ਾਦੀ ਜਾਂ ਫਿਰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਬਨੇਰਿਆਂ 'ਤੇ ਜਾਂ ਕੋਠੇ ਦੀ ਛੱਤ 'ਤੇ ਮੰਜੇ ਜੋੜ ਕੇ ਬੰਨ੍ਹਿਆ ਸਪੀਕਰ ਰੌਣਕਾਂ ਲਾਉਂਦਾ ਸੀ। ਖੁਸ਼ੀਆਂ ਮੌਕੇ ਔਰਤਾਂ ਆਪੇ ਸਿਰਜੇ ਗੀਤ ਗਾਉਂਦੀਆਂ ਅਤੇ ਮਨਪ੍ਰਚਾਵਾ ਕਰਦੀਆਂ ਸਨ। ਇਹੋ ਗੀਤ-ਗੌਣ ਸੀਨਾ-ਬ-ਸੀਨਾ ਅੱਗੇ ਤੁਰੇ ਆਉਂਦੇ ਸਨ।

ਅਜੋਕੇ ਸਮੇਂ ਇਨ੍ਹਾਂ ਰੰਗ-ਤਮਾਸ਼ਿਆਂ ਦੀ ਕਦਰ ਘਟ ਗਈ ਹੈ। ਸ਼ਹਿਰੀ ਲੋਕਾਂ ਨੂੰ ਤਾਂ ਹੁਣ ਡੀ.ਜੇ., ਦਿਖਾਵੇ ਲਈ ਕੀਤੇ ਅਡੰਬਰਾਂ ਅਤੇ 'ਬਿਊਟੀ ਪਾਰਲਰ' ਦੇ ਹਾਰ-ਸ਼ਿੰਗਾਰ ਤੋਂ ਹੀ ਵਿਹਲ ਨਹੀਂ ਮਿਲਦੀ। ਭਾਵੇਂ ਹੁਣ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ, ਪੇਂਡੂ ਲੋਕਾਂ ਨੇ ਵੀ ਸ਼ਹਿਰੀ ਜੀਵਨ ਜਾਚ ਆਪਣਾ ਲਈ ਹੈ, ਪਰ ਫਿਰ ਵੀ ਪੇਂਡੂ ਭਾਈਚਾਰੇ ਵਿਚ ਔਰਤਾਂ ਅਜੇ ਵੀ ਸਿੱਠਣੀਆਂ ਦਾ ਅਦਾਨ-ਪ੍ਰਦਾਨ ਕਰ ਲੈਂਦੀਆਂ ਹਨ। ਲੋਕ-ਕਾਵਿ ਵਿਚ ਸਿੱਠਣੀਆਂ ਔਰਤਾਂ ਦਾ ਜ਼ੁਬਾਨੀ-ਕਲਾਮੀ ਹਥਿਆਰ ਵੀ ਬਣ ਜਾਂਦੀਆਂ ਹਨ। ਸਿੱਠਣੀਆਂ ਦੇ ਤੀਰ ਜ਼ਿਆਦਾਤਰ ਨਾਨਕੀਆਂ-ਦਾਦਕੀਆਂ ਵੱਲੋਂ ਇਕ-ਦੂਜੀ ਵੱਲ ਛੱਡੇ ਜਾਂਦੇ ਹਨ, ਪਰ ਇਨ੍ਹਾਂ ਦੀ ਮਿੱਠੀ ਮਾਰ ਤੋਂ ਨਾ ਪਰਿਵਾਰ ਦੇ ਮੈਂਬਰ ਬਚਦੇ ਹਨ ਨਾ ਕੋਈ ਰਿਸ਼ਤੇਦਾਰ। ਜਿੱਥੇ ਦਿਓਰ-ਜੇਠ, ਜੀਜੇ, ਕੁੜਮ ਤੇ ਮਾਮੇ ਜਾਂ ਫੁੱਫੜ ਨੂੰ ਸਿੱਠਣੀਆਂ ਮਿਲਦੀਆਂ ਹਨ ਉੱਥੇ ਵਿਚੋਲੇ ਨਾਲ ਵੀ ਘੱਟ ਨਹੀਂ ਗੁਜ਼ਾਰੀ ਜਾਂਦੀ। ਇਹ ਸਿੱਠਣੀਆਂ ਕਈ ਵਾਰ ਤਾਂ ਸਿੱਧਾ ਡਾਂਗ-ਸੋਟਾ ਬਣ ਕੇ ਹੀ ਵਰ੍ਹਦੀਆਂ ਹਨ। ਵੰਨਗੀ ਲਈ ਵਿਚੋਲੇ ਨੂੰ ਕਿਹਾ ਜਾਂਦਾ ਹੈ:

ਮੱਕੀ ਦਾ ਦਾਣਾ ਕੋਠੇ 'ਤੇ
ਵਿਚੋਲਾ ਬਿਠਾਉਣਾ ਝੋਟੇ 'ਤੇ।
ਮੱਕੀ ਦਾ ਦਾਣਾ ਪਿੰਡ ਵਿਚ ਨੀਂ
ਵਿਚੋਲਾ ਨਾ ਰੱਖਣਾ ਪਿੰਡ ਵਿਚ ਨੀਂ।

ਕੁੜਮੋ-ਕੁੜਮੀ ਵਰਤਣਗੇ
ਵਿਚੋਲੇ ਵਿਚਾਰੇ ਤਰਸਣਗੇ।

ਜਦੋਂ ਵਿਆਹ ਤੋਂ ਪੰਜ-ਸੱਤ ਦਿਨ ਪਹਿਲਾਂ ਭੱਠੀ ਪੁੱਟੀ ਤੋਂ ਕੜਾਹੀ ਚੜ੍ਹਾਈ ਜਾਂਦੀ ਤਾਂ ਘਰ ਦੀਆਂ ਅਤੇ ਸ਼ਰੀਕੇ-ਭਾਈਚਾਰੇ ਦੀਆਂ ਔਰਤਾਂ ਵੱਲੋਂ ਸਿੱਠਣੀਆਂ ਦਾ ਬਿਗਲ ਵਜਾ ਦਿੱਤਾ ਜਾਂਦਾ। ਹਲਵਾਈ ਦੀ ਮੱਦਦ ਲਈ ਮੱਠੀਆਂ-ਸ਼ੱਕਰਪਾਰਿਆਂ ਲਈ ਆਟਾ ਜਾਂ ਮੈਦਾ ਗੋਂਦੀਆਂ-ਗੁੰਨ੍ਹਦੀਆਂ ਔਰਤਾਂ ਕੋਲੋਂ ਲੰਘੇ ਜਾਂਦੇ ਸਹਿਜ-ਸੁਭਾਅ ਝਾਕਦੇ ਕਿਸੇ ਚੋਬਰ ਦੀ ਚੁੰਗੀ ਤਹਿ ਲਾਉਂਦੀਆਂ ਕਹਿੰਦੀਆਂ:

ਵਿੰਦਰ ਸਿਉਂ ਇਉਂ ਝਾਕੇ ਜਿਵੇਂ ਚਾਮਚੜਿੱਕ ਦੇ ਡੇਲੇ
ਅਸਾਂ ਨਹੀਂ ਲੈਣੇ ਪੱਤਾਂ ਬਾਝ ਕਰੇਲੇ।

ਕੋਈ ਦਿਓਰ-ਜੇਠ ਕੰਮਾਂ ਦਾ ਜਾਇਜ਼ਾ ਲੈਂਦਾ ਨੇੜੇ-ਤੇੜੇ ਖੜ੍ਹ ਦਿਖਾਈ ਦਿੰਦਾ ਤਾਂ ਜੇਠ ਨੂੰ ਸੰਬੋਧਨ ਕਰਕੇ ਸਿੱਠਣੀ ਦਿੰਦੀਆਂ:

ਭਾਈ ਜੀ (ਜੇਠ ਜੀ) ਖੜ੍ਹਾ ਵੇ ਖੜੋਤਾ
ਤੇਰਾ ਲੱਕ ਥੱਕ ਜਾਊ
ਕੋਲ ਜੋਰੋ ਨੂੰ ਖੜ੍ਹਾ ਲੈ
ਵੇ ਅੜੋਕਾ (ਸਹਾਰਾ) ਲੱਗ ਜਾਊ
ਜੋਰੋ ਪਤਲੀ-ਪਤੰਗ ਨੀਂ
ਜੜਕ ਟੁੱਟ ਜਾਊ।

ਇਸੇਂ ਤਰ੍ਹਾਂ ਕੋਲੋਂ ਲੰਘਦਾ-ਵੜਦਾ ਦਿਓਰ ਨਜ਼ਰੀਂ ਪੈਂਦਾ ਤਾਂ ਉਸ ਦੀ ਮੋਟੀ-ਠੁੱਲ੍ਹੀ ਪਤਨੀ 'ਤੇ ਤਨਜ਼ ਕਸੀ ਜਾਂਦੀ:

ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ
ਕਸ਼ਮੀਰਾ ਸਿਉਂ ਤਾਂ ਸੁੱਕ ਕੇ ਲੱਕੜੀ ਹੋ ਗਿਆ
ਸੁਰਜੀਤ ਕੁਰ ਤਾਂ ਹੋ ਗਈ ਤੋਪ ਕੁੜੇ ਦਿਲ ਮੰਗਦਾ
ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ।

ਸਾਰੇ ਵਿਆਹ ਵਿਚ ਸਿੱਠਣੀਆਂ ਦੇਣ ਦਾ ਮੌਕਾ ਮੇਲ ਬਣਿਆ ਰਹਿੰਦਾ। ਘਰ ਦਾ ਕੋਈ ਜੁਆਈ-ਭਾਈ ਆਉਂਦਾ ਤਾਂ ਉਸ ਨੂੰ ਵੀ ਨਾ ਬਖ਼ਸ਼ਿਆ ਜਾਂਦਾ। ਆਸੇ-ਪਾਸੇ ਖੜੋ ਕੇ ਕੁੜੀਆਂ ਕਹਿੰਦੀਆਂ:

ਜੀਜਾ 'ਕੱਲੜਾ ਕਿਉਂ ਆਇਆ ਵੇ ਅੱਜ ਦੀ ਘੜੀ
ਨਾਲ ਬੇਬੇ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ
ਨਾਲ ਭੈਣ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ।

ਜ਼ਿਕਰਯੋਗ ਹੈ ਕਿ ਬੀਤੇ ਵੇਲਿਆਂ ਵਿਚ ਕਿਸੇ ਮਰਦ-ਮੁੰਡੇ ਦੀ ਮਾਂ-ਭੈਣ ਉਸ ਦੇ ਸਹੁਰੇ ਘਰ ਵਿਆਹ-ਸ਼ਾਦੀ ਵਿਚ ਨਹੀਂ ਜਾਂਦੀਆਂ ਸਨ। ਅੱਜ ਵਿਆਹ ਮੌਕੇ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵੱਧ ਹੁੰਦੀ ਹੈ, ਪਰ ਸਿੱਠਣੀਆਂ ਵਰਗੀਆਂ ਰੰਗਲੀਆਂ ਰਸਮਾਂ ਘਟ ਹੀ ਨਹੀਂ ਬਲਕਿ ਖ਼ਤਮ ਹੋ ਰਹੀਆਂ ਹਨ। ਸਿੱਠਣੀਆਂ ਦੇਣ ਸਮੇਂ ਰਿਸ਼ਤੇਦਾਰੀ ਤੇ ਉਮਰ ਦਾ ਲਿਹਾਜ਼ ਵੀ ਰੱਖ ਲਿਆ ਜਾਂਦਾ। ਕੁੜਮ ਨੂੰ ਕਿਹਾ

ਜਾਂਦਾ:

ਗੈਸ ਬੁਝਾ ਦਿਓ ਨੀਂ
ਸਾਡਾ ਕੁੜਮ ਬੈਟਰੀ ਵਰਗਾ।

ਵਿਆਹ ਤੋਂ ਪਹਿਲੇ ਦਿਨ ਨਾਨਕਾ ਮੇਲ ਆਉਂਦਾ। ਨਾਨਕਿਆਂ ਨੂੰ ਵਿਆਂਦੜ ਦੀ ਮਾਂ ਅਤੇ ਦਾਦਕੇ ਪਰਿਵਾਰ ਵੱਲੋਂ ਬਰੂਹਾਂ ਵਿਚ ਤੇਲ ਚੋਅ ਕੇ ਅਤੇ ਸਰਦਾ-ਬਣਦਾ ਸ਼ਗਨ ਦੇ ਕੇ ਨਾਲ ਮੂੰਹ ਮਿੱਠਾ ਕਰਵਾ ਕੇ ਅੰਦਰ ਵਾੜਿਆ ਜਾਂਦਾ। ਇਨ੍ਹਾਂ ਸ਼ਗਨਾਂ ਦੇ ਨਾਲ ਉਨ੍ਹਾਂ ਵੱਲੋਂ ਨਾਨਕੀਆਂ ਨੂੰ ਦਿੱਤੀਆਂ ਸਿੱਠਣੀਆਂ ਗਾਲ੍ਹਾਂ ਵਰਗੀਆਂ ਹੀ ਹੁੰਦੀਆਂ। ਆਮ ਤੌਰ 'ਤੇ ਸਿੱਠਣੀਆਂ ਵਿਚ ਉਨ੍ਹਾਂ ਨੂੰ ਨਿੰਦਿਆ-ਭੰਡਿਆ ਜਾਂਦਾ। ਦਾਦਕੀਆਂ ਕਹਿੰਦੀਆਂ:

ਛੱਜ ਉਹਲੇ ਛਾਣਨੀ ਪਰਾਤ ਉਹਲੇ ਡੋਈ ਵੇ
ਨਾਨਕੀਆਂ ਦਾ ਮੇਲ ਆਇਆ ਚੱਜ ਦੀ ਨਾ ਕੋਈ ਵੇ।
ਛੱਜ ਉਹਲੇ ਛਾਨਣੀ ਪਰਾਤ ਉਹਲੇ ਰੋਟੀਆਂ
ਨਾਨਕੀਆਂ ਦਾ ਮੇਲ ਆਇਆ ਸੱਭੇ ਰੰਨਾਂ ਮੋਟੀਆਂ।

ਗੁੱਸਾ ਕਰਨ ਦੀ ਥਾਂ ਨਾਨਕੀਆਂ ਇਉਂ ਖੁਸ਼ ਹੁੰਦੀਆਂ ਜਿਵੇ ਦਾਦਕੀਆਂ ਉਨ੍ਹਾਂ ਦੀ ਸਿਫਤ-ਸਲਾਹ ਕਰ ਰਹੀਆਂ ਹੋਣ। ਸਾਹਮਣੇ ਖੜ੍ਹੀਆਂ ਨਾਨਕੀਆਂ ਨੂੰ ਗ਼ੈਰਹਾਜ਼ਰ ਕਰਦਿਆਂ ਕਿਹਾ ਜਾਂਦਾ:

ਕਿੱਧਰ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ
ਉਨ੍ਹਾਂ ਪੀਤੀ ਸੀ ਪਿੱਛ ਜੰਮੇ ਸੀ ਰਿੱਛ
ਕਲੰਦਰਾਂ ਦੇ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ।

ਕੁੜੀ ਦੇ ਵਿਆਹ 'ਤੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ:

ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਨਾਨਕੀਆਂ
ਉਨ੍ਹਾਂ ਖਾਧੇ ਸੀ ਲੱਡੂ ਜੰਮੇ ਸੀ ਡੱਡੂ
ਛੱਪੜਾਂ 'ਤੇ ਗਈਆਂ ਨੀਂ
ਬੀਬੀ ਤੇਰੀਆਂ ਨਾਨਕੀਆਂ।

ਨਾਨਕੀਆਂ ਵੀ ਦਾਦਕੀਆਂ 'ਤੇ ਮੋੜਵਾਂ ਵਾਰ ਕਰਦੀਆਂ ਕਹਿੰਦੀਆਂ:

ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਦਾਦਕੀਆਂ
ਉਨ੍ਹਾਂ ਖਾਧੇ ਸੀ ਮਾਂਹ ਜੰਮੇ ਸੀ ਕਾਂ
ਹੁਣ ਕਾਂ-ਕਾਂ ਕਰਦੀਆਂ ਨੀਂ
ਬੀਬੀ ਤੇਰੀਆਂ ਦਾਦਕੀਆਂ
ਅਸੀਂ ਹਾਜ਼ਰ ਖੜ੍ਹੀਆਂ ਨੀਂ
ਬੀਬੀ ਤੇਰੀਆਂ ਨਾਨਕੀਆਂ।

ਦਾਦਕੀਆਂ ਸਿੱਠਣੀਆਂ ਦੇਂਦੀਆਂ-ਲੈਂਦੀਆਂ ਨਾਨਕੀਆਂ ਨੂੰ ਸ਼ਗਨਾਂ ਨਾਲ ਅੰਦਰ ਵਾੜਦੀਆਂ। ਸਾਰੇ ਵਿਆਹ ਵਿਚ ਨਾਨਕੀਆਂ ਨੂੰ ਖੱਟੀਆਂ-ਮਿੱਠੀਆਂ ਚੋਭਾਂ ਲਾਈਆਂ ਜਾਂਦੀਆਂ। ਉਹ ਰੋਟੀ ਖਾਣ ਲੱਗਦੀਆਂ ਤਾਂ ਦਾਦਕੀਆਂ ਸਿੱਠਣੀ ਦਿੰਦੀਆਂ:

ਨਾਨਕੀਆਂ ਨੂੰ ਖਲ਼ ਕੁੱਟ ਦਿਓ ਵੇ
ਇਨ੍ਹਾਂ ਧੌਣ ਪੱਚੀ ਸੇਰ ਖਾਣਾ
ਸਾਨੂੰ ਪੂੜੀਆਂ ਵੇ
ਅਸਾਂ ਮੁਸ਼ਕ ਲਏ ਰੱਜ ਜਾਣਾ।

ਨਾਨਕੀਆਂ ਹੱਸਦੀਆਂ ਤੇ ਖੁਸ਼ ਹੁੰਦੀਆਂ ਖਾਣ-ਪੀਣ ਵਿਚ ਮਸਤ ਰਹਿੰਦੀਆਂ, ਪਰ ਦਾਦਕੀਆਂ ਫਿਰ ਉਨ੍ਹਾਂ 'ਤੇ ਵਿਅੰਗ ਬਾਣ ਕਸਦੀਆਂ:

ਨਾਨਕੀਓ ਥੋੜ੍ਹਾ-ਥੋੜ੍ਹਾ ਖਾਇਓ
ਥੋਡਾ ਢਿੱਡ ਦੁਖੂਗਾ
ਏਥੇ ਡਾਕਟਰ ਨਾ ਹਕੀਮ
ਔਖੀਆਂ ਹੋਣਾ ਪਊਗਾ।

ਖਾ-ਪੀ ਕੇ ਨਾਨਕੀਆਂ ਵੀ ਦਾਦਕੀਆਂ ਦੀ ਖ਼ਬਰ ਲੈਂਦੀਆਂ ਕਹਿੰਦੀਆਂ:

ਦਾਦਕਿਆਂ ਜੋਰੋ ਚੱਕ ਲਿਆ ਬਜ਼ਾਰ ਵਿਚੋਂ ਢਾਈਆਂ,
ਦਾਦਕਿਆਂ ਦੇ ਮਲੰਗ ਬਾਣੀਏਂ
ਸਾਨੂੰ ਜੰਗ ਹਰੜਾਂ ਨਾ ਥਿਆਈਆਂ।

ਦਾਦਕਿਆਂ ਨੂੰ ਭੁੱਖੇ-ਨੰਗੇ ਕਹਿਣੋਂ ਵੀ ਗੁਰੇਜ਼ ਨਾ ਕੀਤਾ ਜਾਂਦਾ। ਨਾਨਕੀਆਂ ਇਸੇ ਭਾਵਨਾ ਨਾਲ ਸਿੱਠਣੀ ਦਿੰਦੀਆਂ:

ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ
ਦਾਦਕਿਆਂ ਨੇ ਮੇਲ ਬਹੁਤਾ ਸਦਾਇਆ ਲੱਡੂ ਵੱਟੇ ਥੋੜੇ
ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ।

ਅੱਗੋਂ ਦਾਦਕੀਆਂ ਵੀ ਕਸਰ ਨਾ ਰੱਖਦੀਆਂ ਤੇ ਕਹਿੰਦੀਆਂ:

ਨਾਨਕਿਆਂ ਨੇ ਜੇਬ ਖੀਸਾ ਲਗਾਇਕੇ ਲੱਡੂ ਲਏ ਲੁਕਾ
ਅਸੀਂ ਮਗਰੇ ਪੁਲਸ ਲਗਾਇਕੇ ਸਾਵੇਂ ਲਏ ਕਢਾ
ਨਾਨਕਿਓ ਲੱਖਾਂ ਦੀ ਥੋਡੀ ਪੱਤ ਗਈ ਤੁਸੀਂ ਆਪੇ ਲਈ ਗੁਆ।

ਕਈ ਚੰਚਲ ਸੁਭਾਅ ਵਾਲੀਆਂ ਔਰਤਾਂ ਤਾਂ ਕਿਸੇ ਦਾਦਕੀ-ਨਾਨਕੀ ਦੇ ਭਰਿੰਡਾਂ ਵੀ ਲੜਾ ਦਿੰਦੀਆਂ, ਮਿਸਾਲ ਲਈ:

ਮੈਂ ਦੱਸਾਂ ਭਰਿੰਡੇ ਨੀਂ ਨਦੀ ਕਿਨਾਰੇ ਉੜਿਆ ਕਰ
ਮੈਂ ਦੱਸਾਂ ਭਰਿੰਡੇ ਨੀ ਬਲਬੀਰੋ ਨਖਰੋ ਦੇ ਲੜਿਆ ਕਰ
ਲੜ-ਲੜ ਛਾਲੇ ਪਾਇਆ ਕਰ
ਘੜੀ-ਘੜੀ ਤੜਪਾਇਆ ਕਰ।

ਵਿਆਹ-ਕਾਰਜਾਂ ਵੇਲੇ ਕਈ-ਕਈ ਦਿਨ ਇਹ ਰੌਣਕ ਮੇਲੇ ਚੱਲਦੇ ਰਹਿੰਦੇ। ਜਾਗੋ ਕੱਢਦੀਆਂ ਨਾਨਕੀਆਂ ਗਲੀ-ਮੁਹੱਲੇ ਦੇ ਲੋਕਾਂ ਨੂੰ ਸਿੱਠਣੀਆਂ ਦਿੰਦੀਆਂ ਕਹਿੰਦੀਆਂ:

ਗੁਆਂਢੀਓ ਜਾਗਦੇ ਕਿ ਸੁੱਤੇ
ਥੋਡੀ ਜੋਰੋ ਨੂੰ ਲੈ ਗਏ ਕੁੱਤੇ।

ਕਿਸੇ ਗੁਆਂਢੀ ਦਾ ਨਾਂ ਲੈ ਕੇ ਸਿੱਠਣੀਆਂ ਦਾ ਹਮਲਾ ਕੀਤਾ ਜਾਂਦਾ-

ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ

ਅੱਗੋਂ ਜਵਾਬ ਵੀ ਆਪੇ ਦਿੰਦੀਆਂ ਤੇ ਕਹਿੰਦੀਆਂ:

ਚੁੱਪ ਕਰ ਨੀਂ ਮਸਾਂ ਸੁਆਈ ਐ ਲੋਰੀ ਦੇ ਕੇ ਪਾਈ ਐ
ਉੱਠ ਖੜ੍ਹੂਗੀ ਅੜੀ ਕਰੂਗੀ ਮਸਾਂ ਵਰਾਈ ਐ
ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ।

ਵਿਆਹ ਸੰਪਨ ਹੋ ਜਾਂਦਾ, ਜਾਂਦੀਆਂ-ਜਾਂਦੀਆਂ ਨਾਨਕੀਆਂ ਵਿਆਂਦੜ ਦੀ ਮਾਂ ਨੂੰ ਆਖਦੀਆਂ:

ਨਿੱਕੀ-ਨਿੱਕੀ ਸ਼ੱਕਰ ਵਿਚੋਂ ਨਿਕਲ ਆਈ ਕੀੜੀ
ਕਿਆ ਬੀਬੀ ਤੂੰ ਵਿਆਹ ਰਚਾਇਆ
ਖੋਲ੍ਹ ਮੱਥੇ ਦੀ ਤਿਊੜੀ
ਨੀਂ ਅਸਾਂ ਕੈਤ ਆਵਾਂਗੇ ਅਸਾਂ ਕੈਤ ਆਵਾਂਗੇ

ਦੋਹਤੇ-ਦੋਹਤੀ ਦਾ ਵਿਆਹ ਤਮਾਸ਼ਾ ਦੇਖ ਜਾਵਾਂਗੇ। ਇਹ ਸਿੱਠਣੀਆਂ ਜਾਂ ਹੋਰ ਗਾਉਣ-ਵਜਾਉਣ ਭੂੰ ਘੀਆਂ ਮੋਹ-ਮੁਹੱਬਤਾਂ ਦੀ ਬਾਤ ਪਾਉਂਦੇ ਸਨ। ਦੂਰ-ਪਾਰ ਦੀਆਂ ਰਿਸ਼ਤੇਦਾਰੀਆਂ ਵੀ ਲੰਮਾ ਸਮਾਂ ਨਿੱਭਦੀਆਂ ਹਨ, ਪਰ ਅੱਜ ਵੀ ਭਾਵੇਂ ਵਿਆਹ-ਸ਼ਾਦੀ ਮੌਕੇ ਬਹੁਤ ਇਕੱਠ ਹੁੰਦੇ ਹਨ, ਪਰ ਅੰਦਰ ਖਾਤੇ ਰਿਸ਼ਤਿਆਂ ਨੂੰ ਖੋਰਾ ਲੱਗ ਗਿਆ ਹੈ।

ਮਨੋਰੰਜਨ ਤੇ ਗਿਆਨ ਦਾ ਸੋਮਾ-ਲੋਕ ਬੁਝਾਰਤਾਂ

ਆਦਿ ਕਾਲ ਤੋਂ ਹੀ ਲੋਕ ਬੁਝਾਰਤਾਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਇਹ ਆਦਿ ਮਨੁੱਖ ਦੇ ਮੁਢਲੇ ਮਨੋਰੰਜਕ ਸਾਧਨ ਹੀ ਨਹੀਂ ਰਹੀਆਂ ਬਲਕਿ ਇਹ ਉਨ੍ਹਾਂ ਦੇ ਵਸਤੂ ਗਿਆਨ ਨੂੰ ਪ੍ਰਚੰਡ ਕਰਨ ਦਾ ਵੀ ਪ੍ਰਮੁੱਖ ਸਾਧਨ ਸਨ। ਜਿਸ ਤਰ੍ਹਾਂ ਲੋਕ ਗੀਤ ਲੋਕ ਮਾਨਸ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ, ਉਸੇ ਤਰ੍ਹਾਂ ਲੋਕ ਬੁਝਾਰਤਾਂ ਵੀ ਲੋਕ ਬੁੱਧੀ ਦਾ ਚਮਤਕਾਰ ਦਿਖਾਉਣ ਲਈ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਹ ਲੋਕ ਸਾਹਿਤ ਦੇ ਮੁਢਲੇ ਰੂਪਾਂ ਵਿੱਚੋਂ ਪ੍ਰਮੁੱਖ ਹਨ ਤੇ ਇਨ੍ਹਾਂ ਦੀ ਧਾਰਾ ਸਦੀਆਂ ਤੋਂ ਵਹਿੰਦੀ ਆ ਰਹੀ ਹੈ।

ਬੁਝਾਰਤਾਂ ਦਾ ਇਤਿਹਾਸ, ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਅਤੇ ਭਾਸ਼ਾਵਾਂ ਵਿੱਚ ਉਪਲੱਬਧ ਹਨ। ਬੁਝਾਰਤਾਂ ਨੂੰ ਅੰਗਰੇਜ਼ੀ ਵਿੱਚ ਰਿਡਲ, ਫ਼ਰਾਂਸੀਸੀ ਵਿੱਚ ਡੈਵਨੰਟੀ, ਲਾਤੀਨੀ ਭਾਸ਼ਾ ਵਿੱਚ ਐਨੀਗਮਾ, ਜਰਮਨ ਵਿੱਚ ਰਤੀਜ਼ਲ, ਚੀਨੀ ਵਿੱਚ ਮੀ ਯੂ, ਉਰਦੂ ਤੇ ਹਿੰਦੀ ਵਿੱਚ ਪਹੇਲੀ, ਸਿੰਧੀ ਵਿੱਚ ਗਝਾਰਤ, ਪਸ਼ਤੋ ਵਿੱਚ ਅੜ, ਬੰਗਾਲੀ ਵਿੱਚ ਧਾਂਦਾ, ਸੰਸਕ੍ਰਿਤ ਵਿੱਚ ਪ੍ਰਹੇਲਕਾ, ਫਾਰਸੀ ਵਿੱਚ ਚੀਸਤਾਂ, ਅਰਬੀ ਵਿੱਚ ਲਗਜ਼ ਅਤੇ ਪੰਜਾਬੀ ਵਿੱਚ ਬੁਝਾਰਤ ਅਤੇ ਬਾਤਾਂ ਆਖਦੇ ਹਨ। ਮੁਦਾਵਣੀ, ਬੁਝੌਵਲ, ਬੁਝੱਕਾ ਅਤੇ ਬਤੌਲੀ ਆਦਿ ਪੰਜਾਬ ਦੀਆਂ ਸਥਾਨਕ ਬੋਲੀਆਂ ਵਿੱਚ ਬੁਝਾਰਤਾਂ ਦੇ ਪ੍ਰਚਲਿਤ ਨਾਂ ਹਨ।

ਬੁਝਾਰਤਾਂ ਸਾਰੇ ਸੰਸਾਰ ਦੀਆਂ ਕੌਮਾਂ ਦਾ ਵਡਮੁੱਲਾ ਤੇ ਕੌਮੀ ਵਿਰਸਾ ਹਨ ਜਿਨ੍ਹਾਂ 'ਤੇ ਸਾਰੀਆਂ ਕੌਮਾਂ ਮਾਣ ਕਰਦੀਆਂ ਹਨ। ਇਨ੍ਹਾਂ ਦੇ ਸਾਹਿਤਕ, ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਨੂੰ ਮੁੱਖ ਰੱਖਦਿਆਂ ਵਿਦਵਾਨਾਂ ਵੱਲੋਂ ਬੁਝਾਰਤਾਂ ਦੇ ਸੰਗ੍ਰਹਿ ਕਰਨ ਦੇ ਯਤਨ ਆਰੰਭੇ ਗਏ। ਯੂਨਾਨੀ ਵਿਦਵਾਨਾਂ ਨੇ ਸਭ ਤੋਂ ਪਹਿਲਾਂ 'ਡੀਮਾਂਡ ਜਵਾਈਸ' ਨਾਂ ਦਾ ਯੂਨਾਨੀ ਬੁਝਾਰਤਾਂ ਦਾ ਸੰਗ੍ਰਹਿ 1151 ਵਿੱਚ ਤਿਆਰ ਕੀਤਾ। ਗਿਲਜ਼ ਬੇਜ਼ ਦੇ ਯਤਨਾਂ ਸਦਕਾ 1852 ਵਿੱਚ ਫਰਾਂਸੀਸੀ ਬੁਝਾਰਤਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਇਸੇ ਪ੍ਰਕਾਰ ਅਰਬੀ ਭਾਸ਼ਾ ਵਿੱਚ ਵੀ ਬੁਝਾਰਤਾਂ ਦੇ ਕਈ ਸੰਗ੍ਰਹਿ ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਅਬੂ ਅੱਲਾ ਮਹੱਰਗੀ ਨੇ 'ਅਕੀਦ ਅਲਗਿਆਤ' ਨਾਂ ਦਾ ਅਰਬੀ ਬੁਝਾਰਤਾਂ ਦਾ ਸੰਗ੍ਰਹਿ ਚੌਥੀ ਪੰਜਵੀ ਹਿਜਰੀ ਵਿੱਚ ਤਿਆਰ ਕੀਤਾ ਸੀ। ਅਸਚਰਜਤਾ, ਅਦਭੁੱਤਤਾ ਅਤੇ ਹਾਸਰਸ ਵਿੱਚ ਗਲੇਫੀਆਂ ਇਹ ਬੁਝਾਰਤਾਂ ਸੰਸਾਰ ਦੇ ਕੋਨੇ-ਕੋਨੇ ਵਿੱਚ ਫੈਲੀਆਂ ਹੋਈਆਂ ਹਨ ਅਤੇ ਸੰਸਾਰ ਭਰ ਦੇ ਲੋਕਾਂ ਦੇ ਮਨੋਰੰਜਨੀ ਸਾਹਿਤ ਦਾ ਅਣਮੋਲ ਖ਼ਜ਼ਾਨਾ ਹਨ। ਐਡਨਬਰਾ ਯੂਨੀਵਰਸਿਟੀ ਦਾ ਪ੍ਰੋ.ਫ਼ੈਸਰ ਜਾਰਜ ਕਰਿਸਟਲ ਬੁਝਾਰਤਾਂ ਨੂੰ ਦੁਨੀਆਂ ਦਾ ਸਭ ਤੋਂ ਪੁਰਾਤਨ ਹਾਸਰਸ ਸਾਧਨ ਮੰਨਦਾ ਹੈ। ਭਾਰਤ ਵਿੱਚ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਨਿਆਣਿਆਂ ਅਤੇ ਸਿਆਣਿਆਂ ਦੇ ਬੁੱਧੀ ਸੰਗਰਾਮ ਦੇ ਸਾਂਝੇ ਅਖਾੜੇ ਦੇ ਰੂਪ ਵਿੱਚ ਪ੍ਰਚਲਿਤ ਰਹੀਆਂ ਹਨ। ਮੌਖਿਕ ਰੂਪ ਵਿੱਚ ਇਹ ਪੀੜ੍ਹੀਓ ਪੀੜ੍ਹੀ ਸਾਡੇ ਤੀਕ ਪੁੱਜਦੀਆਂ ਹਨ। ਜਿੱਥੋਂ ਤਕ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਪਾਉਣ ਦੀ ਪਰੰਪਰਾ ਦਾ ਸਵਾਲ ਹੈ ਤਾਂ ਵੈਦਿਕ ਕਾਲ ਵਿੱਚ ਇਹ ਪਰੰਪਰਾ ਵਿਖਾਈ ਦਿੰਦੀ ਹੈ। ਰਿਗਵੇਦ ਵਿੱਚ ਆਤਮਾ ਪਰਮਾਤਮਾ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਨ ਵਾਲੇ ਰੂਪਆਤਮਕ ਢੰਗ ਨਾਲ ਆਏ ਮੰਤਰ ਬੁਝਾਰਤ ਨਾਲੋਂ ਘੱਟ ਕੌਤਕ ਪੂਰਨ ਨਹੀਂ। ਪੰਜਾਬੀ ਦੇ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦਾ ਹੈ।

ਬਾਈਬਲ ਵਿੱਚ ਵੀ ਬੁਝਾਰਤਾਂ ਪਾਉਣ ਦਾ ਵਰਣਨ ਆਉਂਦਾ ਹੈ। ਪੁਰਾਣੇ ਕਬੀਲਿਆਂ ਵਿੱਚ ਹੁਣ ਤਕ ਬੁਝਾਰਤਾਂ ਪਾਉਣ ਦਾ ਰਿਵਾਜ ਚੱਲਿਆ ਆ ਰਿਹਾ ਹੈ। ਭਾਰਤ ਦੇ ਆਦਿਵਾਸੀ ਕਬੀਲਿਆਂ ਵਿੱਚੋਂ ਗੌਂਡ, ਪਰਧਾਨ ਤੇ ਬ੍ਰਿਹੋਰ ਜਾਤੀਆਂ ਦੇ ਵਿਆਹਾਂ ਸਮੇਂ ਲਾੜੇ ਪਾਸੋਂ ਬੁਝਾਰਤ ਪੁੱਛਣੀ ਇੱਕ ਲਾਜ਼ਮੀ ਰਸਮ ਹੈ। ਪੰਜਾਬ ਵਿੱਚ ਵੀ ਵਿਆਹ ਸਮੇਂ ਲਾੜੇ ਦੀਆਂ ਸਾਲੀਆਂ ਉਸ ਪਾਸੋਂ 'ਛੰਦ ਪਰਾਗੇ ਆਈਏ ਜਾਈਏ' ਦੀ ਰਸਮ ਸਮੇਂ ਛੰਦ ਸੁਣ ਕੇ ਹਾਸੇ ਠੱਠ ਦਾ ਮਾਹੌਲ ਸਿਰਜਦੀਆਂ ਹਨ।

ਪੁਰਾਤਨ ਸਮੇਂ ਤੋਂ ਹੀ ਬੁਝਾਰਤਾਂ ਕਿਸੇ ਗੰਭੀਰ ਉਦੇਸ਼ ਦੀ ਪੂਰਤੀ ਕਰਦੀਆਂ ਰਹੀਆਂ ਹਨ। ਬੁਝਾਰਤਾਂ ਬੁੱਝਣ ਦਾ ਮਕਸਦ ਬੁੱਝਣ ਵਾਲੇ ਦੀ ਬੁੱਧੀ ਦੀ ਪ੍ਰੀਖਿਆ ਲੈਣਾ ਹੈ। ਪੰਜਾਬ ਦੀਆਂ ਅਨੇਕਾਂ ਲੋਕ ਕਹਾਣੀਆਂ ਵਿੱਚ ਸ਼ਹਿਜ਼ਾਦੀਆਂ ਰਾਜਕੁਮਾਰਾਂ ਪਾਸੋਂ ਉਨ੍ਹਾਂ ਦੀ ਬੁੱਧੀ ਪ੍ਰੀਖਿਆ ਲੈਣ ਲਈ ਬੁਝਾਰਤਾਂ ਪੁੱਛਦੀਆਂ ਹਨ ਤੇ ਜਿਹੜਾ ਬੁੱਝ ਲਵੇ ਉਹਦੇ ਨਾਲ ਵਿਆਹ ਕਰਵਾ ਲੈਂਦੀਆਂ ਹਨ ਅਤੇ ਜੋ ਨਾ ਬੁੱਝ ਸਕੇ ਤਾਂ ਉਸ ਨੂੰ ਮੌਤ ਤਕ ਦੀ ਸਜ਼ਾ ਦਿੱਤੀ ਜਾਂਦੀ ਹੈ। ਪੰਜਾਬੀ ਬੁਝਾਰਤਾਂ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਅੰਗ ਹਨ। ਪੰਜਾਬ ਦੇ ਲੋਕ ਬੁਝਾਰਤਾਂ ਪਾ ਕੇ ਅਤੇ ਬੁੱਝ ਕੇ ਸਦਾ ਹੀ ਆਨੰਦ ਮਾਣਦੇ ਰਹੇ ਹਨ। ਬੁਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ। ਕੇਵਲ ਬਾਲਕ ਹੀ ਬਾਤਾਂ ਪਾਉਣ ਅਤੇ ਬੁੱਝਣ ਦੀ ਖ਼ੁਸ਼ੀ ਹਾਸਲ ਨਹੀਂ ਸੀ ਕਰਦੇ ਬਲਕਿ ਸਿਆਣੇ ਵੀ ਇਨ੍ਹਾਂ ਵਿੱਚ ਦਿਲਚਸਪੀ ਲੈਂਦੇ ਰਹੇ ਹਨ। ਇਹ ਨਿਆਣਿਆਂ ਸਿਆਣਿਆਂ ਦੇ ਬੁੱਧੀ ਸੰਗ੍ਰਾਮ ਦਾ ਸਾਂਝਾ ਅਖਾੜਾ ਰਹੀਆਂ ਹਨ ਜਿਸ ਵਿੱਚ ਵੱਡੇ-ਵੱਡੇ ਸਿਆਣਿਆਂ ਨੂੰ ਵੀ ਮਿੱਠੀਆਂ ਹਾਰਾਂ ਝੱਲਣੀਆਂ ਪੈਂਦੀਆਂ ਸਨ।

ਪੰਜਾਬੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੁਝਾਰਤਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਪੰਜਾਬ ਦਾ ਲੋਕ ਜੀਵਨ ਸਾਫ਼ ਨਜ਼ਰ ਆਉਂਦਾ ਹੈ। ਇਹ ਪੰਜਾਬੀ ਸਭਿਆਚਾਰ ਦਾ ਦਰਪਣ ਹਨ। ਇਹ ਐਨੀਆਂ ਸੁਹਜ ਭਰਪੂਰ, ਅਦਭੁੱਤ, ਰਸੀਲੀਆਂ ਅਤੇ ਵੰਨ ਸੁਵੰਨੀਆਂ ਹਨ ਕਿ ਸ਼ਾਇਦ ਹੀ ਕੋਈ ਅਜਿਹਾ ਵਿਸ਼ਾ ਹੋਵੇ ਜਿਸ ਬਾਰੇ ਪੰਜਾਬੀ ਵਿੱਚ ਬੁਝਾਰਤਾਂ ਨਾ ਹੋਣ। ਮਨੁੱਖੀ ਸਰੀਰ ਦੇ ਅੰਗਾਂ, ਪ੍ਰਕਿਰਤੀ, ਬਨਸਪਤੀ, ਜੀਵ ਜੰਤੂਆਂ, ਘਰੇਲੂ ਵਸਤਾਂ, ਭਿੰਨ-ਭਿੰਨ ਧੰਦਿਆਂ ਨਾਲ ਸਬੰਧਤ, ਸੰਦਾਂ ਅਤੇ ਵਿਗਿਆਨਕ ਕਾਢਾਂ ਬਾਰੇ ਬੜੀਆਂ ਪਿਆਰੀਆਂ ਤੇ ਸੁਹਜ ਭਰਪੂਰ ਬੁਝਾਰਤਾਂ ਪਾਈਆਂ ਜਾਂਦੀਆਂ ਹਨ। ਪੰਜਾਬੀ ਬੁਝਾਰਤਾਂ ਸਾਹਿਤ, ਇਤਿਹਾਸ, ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਵਿੱਚ ਸਦੀਆਂ ਪੁਰਾਣੇ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਤੱਤ ਸਮੋਏ ਹੋਏ ਹਨ। ਵਿਗਿਆਨ ਦੀ ਪ੍ਰਗਤੀ ਦੇ ਕਾਰਨ ਮਨੋਰੰਜਨ ਦੇ ਸਾਧਨ ਤਬਦੀਲ ਹੋ ਗਏ ਹਨ। ਬਿਜਲਈ ਉਪਕਰਨਾਂ ਨੇ ਤਾਂ ਇਸ ਖੇਤਰ ਵਿੱਚ ਬਹੁਤ ਪ੍ਰਭਾਵ ਪਾਇਆ ਹੈ। ਰੇਡੀਓ, ਟੈਲੀਵਿਜ਼ਨ, ਮੋਬਾਈਲ ਅਤੇ ਕੇਬਲ ਕਲਚਰ ਨੇ ਸਮੂਹਿਕ ਤੌਰ 'ਤੇ ਮਾਣੇ ਜਾਂਦੇ ਮਨੋਰੰਜਨ ਦੇ ਸਾਧਨ ਕਿਸੇ ਹੱਦ ਤਕ ਸਮਾਪਤ ਹੀ ਕਰ ਦਿੱਤੇ ਹਨ ਜਿਸ ਕਾਰਨ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਖ਼ਤਮ ਹੋ ਰਹੀ ਹੈ। ਇਸ ਲਈ ਇਨ੍ਹਾਂ ਨੂੰ ਸਾਂਭਣ ਦੀ ਅਤਿਅੰਤ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵਡਮੁੱਲਾ ਸਰਮਾਇਆ ਹਨ।

ਸੁਖਦੇਵ ਮਾਦਪੁਰੀ

20 ਮਈ ਜਨਮ ਦਿਨ ਤੇ ਵਿਸ਼ੇਸ਼

ਕਹਾਣੀਕਾਰ ਕੁਲਵੰਤ ਸਿੰਘ ਵਿਰਕ

ਇੰਨਸਾਨ ਦੁਨੀਆਂ ਤੇ ਆਉਂਦਾ ਹੈ ਤੇ ਆਪਣੀ ਲਿੱਖੀ ਆਯੂ ਭੋਗ ਕੇ ਚਲਾ ਜਾਂਦਾ ਹੈ ਪਰ ਕਈ ਲੋਕ ਇਸ ਦੁਨੀਆਂ ਤੇ ਆ ਕੇ ਅਜਿਹੀਆਂ ਪੈੜਾਂ ਕਰ ਜਾਂਦੇ ਹਨ ਲੋਕ ਸਦਾ ਹੀ ਉਹਨਾਂ ਨੂੰ ਯਾਦ ਕਰਦੇ ਰਹਿੰਦੇ ਹਨ ਅਜਿਹਾ ਹੀ ਸਾਹਿਤ ਦੇ ਖੇਤਰ ਵਿਚ ਇਕ ਨਾਮ ਹੈ ਕਹਾਣੀਕਾਰ ਕਲਵੰਤ ਸਿੰਘ ਵਿਰਕ ਜਿੰਨਾਂ ਦਾ ਜਨਮ ਪਿਤਾ ਆਸਾ ਸਿੰਘ ਵਿਰਕ ਅਤੇ ਮਾਤਾ ਈਸਰ ਕੌਰ ਚੱਠਾ ਦੇ ਘਰ 20 ਮਈ 1921 ਨੂੰ ਪਿੰਡ ਫੁੱਲਰਵਨ ਜ਼ਿਲਾ ਸੇਖ਼ੂਪੁਰਾ ਅਣ ਵੰਡੇ ਪੰਜਾਬ (ਹੁਣ ਪਾਕਿਸਤਾਨ) ਵਿਚ ਹੋਇਆ। ਇਸ ਇਲਾਕੇ ਨੂੰ ਸਾਂਦਲ ਬਾਰ ਨਾਮ ਦੇ ਇਲਾਕੇ ਨਾਲ ਯਾਦ ਕੀਤਾ ਜਾਂਦਾ ਹੈ।

ਕੁਲਵੰਤ ਸਿੰਘ ਵਿਰਕ ਨੇ ਪਿੰਡ ਦੇ ਸਕੂਲ ਤੋਂ ਚਾਰ ਜਮਾਤਾਂ ਪਾਸ ਕਰਕੇ ਖਾਲਸਾ ਹਾਈ ਸਕੂਲ ਨਨਕਾਣਾ ਸਾਹਿਬ ਦਾਖਲ ਹੋ ਗਏ।1936 ਵਿੱਚ ਉਹਨਾਂ ਨੇ ਦਸਵੀਂ ਜਮਾਤ ਸ਼ੇਖ਼ੂਪੁਰੇ ਤੋਂ ਪਾਸ ਕੀਤੀ। ਫਿਰ ਬੀ. ਏ ਅਤੇ ਐਮ.ਏ ਅੰਗਰੇਜ਼ੀ ਕਰਨ ਉਪਰੰਤ ਲਾਅ ਕਾਲਜ ਲਾਹੌਰ ਤੋਂ ਐਲ. ਐਲ.ਬੀ ਕੀਤੀ।

1942 ਨੂੰ ਫੌਜ਼ ਵਿੱਚ ਲੈਫਟੀਨੈਂਟ ਅਫ਼ਸਰ ਲੱਗ ਗਏ ਪਰ ਇਹ ਦੂਜੇ ਮਹਾਂਯੁਧ ਦਾ ਸਮਾਂ ਸੀ। ਯੁੱਧ ਖਤਮ ਹੁੰਦਿਆਂ ਹੀ ਭਾਰਤੀ ਫੌਜ਼ੀ ਹਟਾ ਦਿੱਤੇ ਗਏ।

1947 ਵਿਚ ਦੇਸ਼ ਆਜ਼ਾਦ ਹੋ ਗਿਆ। ਜਿਹੜੇ ਪਰੀਵਾਰ ਪਾਕਿਸਤਾਨ ਵਿਚ ਰਹਿ ਗਏ ਉਹਨਾਂ ਨੂੰ ਇਧਰ ਲਿਆਉਣ ਖ਼ਾਤਰ ਕੁਲਵੰਤ ਸਿੰਘ ਵਿਰਕ ਨੂੰ 1947 ਵਿਚ ਮੁੜ ਵਸਾਊ ਵਿਭਾਗ ਵਿਚ ਲੈਯਾਨ ਅਫ਼ਸਰ ਦੀ ਨੌਕਰੀ ਮਿਲ ਗਈ। 1949 ਵਿਚ ਕੁਲਵੰਤ ਸਿੰਘ ਵਿਰਕ ਦਾ ਵਿਆਹ ਹਰਬੰਸ ਕੌਰ ਨਾਲ ਹੋਇਆ ਜੋ ਡਾ: ਕਰਮ ਸਿੰਘ ਗਰੇਵਾਲ (ਹੱਡੀਆਂ ਦੇ ਮਾਹਿਰ ਅੰਮ੍ਰਿਤਸਰ) ਦੀ ਲੜਕੀ ਸੀ। ਇਹਨਾਂ ਦੇ ਘਰ ਦੋ ਬੇਟੇ ਅਤੇ ਤਿੰਨ ਬੇਟੀਆਂ ਨੇ ਜਨਮ ਲਿਆ।

1949 ਤੋਂ 1951 ਤੱਕ ਲੋਕ ਸੰਪਰਕ ਵਿਭਾਗ ਵਿਚ ਅਧਿਕਾਰੀ ਰਹੇ।ਇਕ ਸਾਲ ਜਾਗ੍ਰਿਤੀ ਅਤੇ ਐਡਵਾਂਸ(ਅੰਗਰੇਜ਼ੀ) ਦੇ ਸੰਪਾਦਕ ਰਹੇ। ਸਹਾਇਕ ਸੂਚਨਾਂ ਅਧਿਕਾਰੀ ਜਲੰਧਰ 1956 ਤੋਂ1964 ਤੱਕ ਅਤੇ ਸੂਚਨਾਂ ਅਧਿਕਾਰੀ ਭਾਰਤ ਸਰਕਾਰ ਦਿੱਲੀ ਅਤੇ ਚੰਡੀਗੜ੍ਹ 1964 ਤੋਂ1970 ਤੱਕ ਰਹੇ। ਜੁਆਇੰਟ ਡਾਇਰੈਟਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ 1970 ਤੋਂ 1983 ਤੱਕ ਰਹੇ ਇਸ ਦੌਰਾਨ ਹੀ ਡੈਪੂਟੇਸ਼ਨ ਤੇ ਪੰਜਾਬ ਦੇ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੇ ਪ੍ਰੈਸ ਸਕੱਤਰ ਰਹੇ। ਕੁਲਵੰਤ ਸਿੰਘ ਵਿਰਕ ਨੇ ਇਕ ਹੀ ਵਿਧਾ ਕਹਾਣੀਆਂ ਉੱਪਰ ਲਿਖਿਆ ਅਤੇ ਸਾਹਿਤਕਾਰਾਂ ਵਿੱਚ ਵਧੀਆ ਨਾਮ ਸਥਾਪਤ ਕੀਤਾ। ਉਹਨਾਂ ਬਹੁਤ ਸਾਰੇ ਕਹਾਣੀ ਸੰਗ੍ਰਹਿ ਲਿਖੇ ਸ਼ਾਹ ਵੇਲਾ (1950),

ਧਰਤੀ ਤੇ ਅਕਾਸ਼ (1951), ਤੁੜੀ ਦੀ ਪੰਡ (1954) , ਏਕਸ ਕੇ ਹਮ ਬਾਰਿਕ (1955), ਦੁੱਧ ਦਾ ਛੱਪੜ (1958), ਗੋਲ੍ਹਾਂ (1961), ਵਿਰਕ ਦੀਆਂ ਕਹਾਣੀਆਂ (1966), ਨਵੇ ਲੋਕ (1967), ਦੁਆਦਸ਼ੀ ਅਤੇ ਅਸਤਬਾਜੀ (1984)

ਮੇਰੀਆਂ ਸਾਰੀਆਂ ਕਹਾਣੀਆਂ (1986) ਵਿਚ ਛਪੀਆਂ ਸਨ। ਉਸ ਦੀਆਂ ਕਹਾਣੀਆਂ ਦੇ ਅੰਗਰੇਜ਼ੀ, ਹਿੰਦੀ, ਉਰਦੂ, ਰੂਸੀ ਅਤੇ ਜਪਾਨੀ ਭਾਸ਼ਾ ਵਿਚ ਵੀ ਅਨੁਵਾਦ ਛੱਪ ਚੁੱਕੇ ਹਨ। ਧਰਤੀ ਹੇਠਲਾ ਬਲਦ ਦੇ ਨਾਮ ਹੇਠ ਇਕ ਪੁਸਤਕ ਰੂਸ ਚ ਪ੍ਰਕਾਸ਼ਤ ਹੋਈ ਹੈ। ਵਿਰਕ ਦੀਆਂ ਕਈ ਕਹਾਣੀਆਂ ਜਿਵੇ ਦੁੱਧ ਦਾ ਛੱਪੜ, ਧਰਤੀ ਹੇਠਲਾ ਬਲਦ, ਖੱਬਲ ਆਦਿ ਨਾਟਕ ਰੂਪ ਵਿਚ ਟੈਲੀਵੀਜਨ ਤੇ ਪੇਸ਼ ਕੀਤੀਆਂ ਗਈਆਂ ਹਨ।

ਕੁਲਵੰਤ ਸਿੰਘ ਵਿਰਕ ਛੋਟੇ ਲੇਖਕਾਂ ਨੂੰ ਬਹੁਤ ਪਿਆਰ ਕਰਦਾ ਸੀ ਓਹਨਾਂ ਨੂੰ ਲਿਖਣ ਬਾਰੇ ਵੀ ਉਤਸ਼ਾਹਿਤ ਕਰਦਾ ਰਹਿੰਦਾ ਸੀ। ਦੇਸ਼ ਦੀ ਆਜ਼ਾਦੀ ਵੇਲੇ ਵਿਰਕ ਛੱਬੀ ਕੁ ਸਾਲ ਦਾ ਸੀ ਆਜ਼ਾਦੀ ਦੀ ਹੋ ਰਹੀ ਹੱਲਜੁਲ ਵਿਚ ਫੌਜ਼ੀ ਨੌਕਰੀ ਕਰਨ ਦੇ ਨਾਲ ਨਾਲ ਆਜ਼ਾਦੀ ਵੇਲੇ ਦਾ ਸੰਤਾਪ ਪਿੰਡੇ ਤੇ ਉਸ ਟਾਇਮ ਭੋਗਣਾ ਪਿਆ ਜਦ ਫੁੱਲਰਵਨ ਪਿੰਡ ਛੱਡ ਕੇ ਕਰਨਾਲ ਆ ਵਸੇ। ਉਸ ਨੇ ਦੇਸ਼ ਦੀ ਆਜਾਦੀ ਵਿਚ ਲੋਕਾਂ ਦੇ ਭੋਗੇ ਸੰਤਾਪ ਨੂੰ ਵੀ ਕਹਾਣੀਆਂ ਵਿਚ ਬਿਆਨ ਕੀਤਾ। ਉਪਰੀ ਧਰਤੀ, ਮੈਨੂੰ ਜਾਣਨੈ, ਖੱਬਲ ਅਤੇ ਮੁਰਦੇ ਦੀ ਤਾਕਤ ਆਦਿ। ਖੱਬਲ ਕਹਾਣੀ ਵਿਚਲੀ ਔਰਤ ਦੀ ਬਿਆਨ ਕੀਤੀ ਤਸਵੀਰ ਔਰਤ ਵਲੋਂ ਆਪਣੀ ਨਨਾਣ ਨੂੰ ਲੱਭ ਕੇ ਲਿਆਉਣ ਦੀ ਪੁਕਾਰ ਇਸ ਤਰਾਂ ਲੱਗ ਰਹੀ ਹੈ ਜਿਸ ਤਰਾਂ ਡਿਊਟੀ ਦੌਰਾਨ ਵਿਰਕ ਨਾਲ ਹੀ ਵਾਪਰੀ ਹੋਵੇ। ਵਿਰਕ ਨੇ ਚਾਹੇ ਬਹੁਤ ਉੱਚੇ ਆਹੁਦਿਆਂ ਤੇ ਕੰਮ ਕੀਤਾ ਅਤੇ ਬਹੁਤ ਸਮਾਂ ਸ਼ਹਿਰੀ ਜੀਵਨ ਗੁਜਾਰਨਾਂ ਪਿਆ ਪਰ ਉਸ ਦਾ ਮਨ ਪਿੰਡਾ ਵਿੱਚ ਹੀ ਰਹਿੰਦਾ ਸੀ।ਉਸ ਦੀਆਂ ਕਹਾਣੀਆਂ ਵਿਚ ਪਿੰਡਾਂ ਦੇ ਪਾਤਰ ਅਤੇ ਪਿੰਡਾ ਦਾ ਦ੍ਰਿਸ਼ ਚਿਤਰਣ ਹੈ।

ਵਿਰਕ ਨੂੰ ਭਾਸ਼ਾ ਵਿਭਾਗ ਪੰਜਾਬ ਨੇ 1959 ਵਿਚ ਸਨਮਾਨਿਤ ਕੀਤਾ। ਸਾਹਿਤ ਅਕਾਦਮੀ ਵਲੋਂ 1969 ਵਿਚ, ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਸਹਿਤ ਐਵਾਰਡ 1985 ਵਿਚ ਮਿਲਿਆ।

ਲੇਖਕ ਕਰਤਾਰ ਸਿੰਘ ਦੁੱਗਲ , ਸੰਤ ਸਿੰਘ ਸੇਂਖੋ, ਅਜੀਤ ਕੌਰ ਉਹਨਾਂ ਦਾ ਸਤਿਕਾਰ ਕਰਦੇ ਹੋਣ ਕਰਕੇ ਬਹੁਤ ਨੇੜੇ ਸਨ। ਸੰਤ ਸਿੰਘ ਸੇਖੋਂ,ਵਿਰਕ ਤੋਂ ਵੱਡੇ ਸਨ ਅਤੇ ਪਹਿਲਾਂ ਦੇ ਲਿਖਦੇ ਸਨ ਪਰ ਸੇਖੋਂ ਆਪ ਇਸ ਨੂੰ ਗੱਲ ਨੂੰ ਮੰਨਦੇ ਸਨ ਕਿ ਪਤਾ ਹੀ ਨਹੀ ਲੱਗਿਆ ਕਿਸ ਟਾਇਮ ਇਕੱਲੀਆਂ ਕਹਾਣੀਆਂ ਲਿਖਦਾ ਲਿਖਦਾ ਵਿਰਕ ਮੇਰੇ ਨਾਲੋਂ ਅੱਗੇ ਲੰਘ ਗਿਆ। ਅਜੀਤ ਕੌਰ ਤਾਂ ਉਸ ਨੂੰ ਪੰਜਾਬੀ ਕਹਾਣੀ ਦਾ ਵਾਰਿਸ਼ ਕਹਿੰਦੀ ਹੈ। ਲੇਖਕ ਪ੍ਰੋ.ਫ਼ੈਸਰ ਮੋਹਣ ਸਿੰਘ , ਜੀਵਨ ਸਿੰਘ, ਗੁਲਜਾਰ ਸਿੰਘ ਸੰਧੂ ਵੀ ਉਸ ਦੇ ਬਹੁਤ ਨੇੜੇ ਸਨ ਇਹਨਾਂ ਨਾਲ ਉਹ ਦਿਲ ਦੀ ਗੱਲ ਵੀ ਕਰ ਲੈਂਦੇ ਸਨ। ਹਸਦੇ ਵਸਦੇ ਪਰੀਵਾਰ ਵਿਚ ਅਤੇ ਮਹਿਫ਼ਲਾਂ ਵਿਚ ਸਮਾਂ ਗੁਜਾਰਦੇ ਕੁਲਵੰਤ ਸਿੰਘ ਵਿਰਕ ਤੇ 20 ਮਾਰਚ 1986 ਨੂੰ ਅਜਿਹਾ ਮਾੜਾ ਸਮਾਂ ਆਇਆ ਉਹ ਅਧਰੰਗ ਦੇ ਮਰੀਜ ਬਣ ਗਏ। ਅਧਰੰਗ ਦੇ ਦੌਰੇ ਨਾਲ ਉਹਨਾਂ ਦਾ ਸੱਜਾ ਪਾਸਾ ਖੜ੍ਹ ਗਿਆ ਜਬਾਨ ਬੰਦ ਹੋ ਗਈ ਸੀ ਨਾਂ ਤਾਂ ਉਹ ਚੱਲ ਫਿਰ ਸਕਦੇ ਸਨ ਨਾਂ ਉਹ ਬੋਲ ਸਕਦੇ ਸਨ ਘਰ ਵਿਚ ਪਏ ਰਹਿਣਾ। ਪਰੀਵਾਰ ਵਾਲੇ ਉਹਨਾਂ ਨੂੰ ਕਨੇਡਾ ਉਸ ਦੇ ਛੋਟੇ ਬੇਟੇ ਕੋਲ ਲੈ ਗਏ ਤਾਂ ਕੇ ਉਥੋਂ ਇਲਾਜ ਕਰਵਾਇਆ ਜਾ ਸਕੇ। ਪਰ ਸਫਲਤਾ ਨਾ ਮਿਲ ਸਕੀ।ਇਹ ਟਰਾਂਟੋ ਡਫਰਿਨ ਦੇ ਇਲਾਕੇ ਵਿਚ ਵਿਲਸਨ ਐਵਨਿਊ ਵਿਚ ਆਪਣੇ ਛੋਟੇ ਪੁੱਤਰ ਰਾਜੂ ਦੇ ਘਰ ਪਏ ਰਹਿੰਦੇ। ਉਹਨਾਂ ਨੂੰ ਸੁਣਦਾ ਜਰੂਰ ਸੀ ਨਜ਼ਰ ਵੀ ਪੂਰੀ ਸੀ ਪਰ ਕਿਸੇ ਗੱਲ ਦਾ ਜਵਾਬ ਨਹੀ ਦੇ ਸਕਦੇ ਸਨ। ਉਹਨਾਂ ਦੀ ਸੱਜੀ ਲੱਤ ਤੇ ਬਾਂਹ ਬੁਰੀ ਤਰਾਂ ਸੁੱਕ ਚੁੱਕੇ ਸਨ।

ਉਘੇ ਲੇਖ ਬਲਬੀਰ ਮੋਮੀ ਹੋਰਾਂ ਵਲੋਂ ਕੁਲਵੰਤ ਸਿਘ ਵਿਰਕ ਦਾ ਸਨਮਾਨ 'ਪਰਦੇਸੀ ਪੰਜਾਬੀ ਸਾਹਿਤ ਸਭਾ' ਵਲੋਂ ਕਨੇਡਾ ਵਿਖੇ 21ਨਵੰਬਰ 1987 ਨੂੰ ਕੀਤਾ ਗਿਆ ਪਰ ਇਸ ਤੋਂ ਮਹੀਨੇ ਕੁ ਬਾਅਦ ਹੀ ਤਰਸ ਭਰੀ ਜਿੰਦਗੀ ਗੁਜਾਰਦੇ 24 ਦਸੰਬਰ 1987 ਵਾਲੇ ਦਿਨ ਟਰਾਂਟੋ ਵਿਖੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।ਸਾਹਿਤ ਵਿਚ ਜਦ ਕਹਾਣੀਕਾਰਾਂ ਦੀ ਗੱਲ ਚੱਲੇਗੀ ਤਾਂ ਸਭ ਤੋਂ ਪਹਿਲਾਂ ਇਹਨਾਂ ਨੂੰ ਯਾਦ ਕੀਤਾ ਜਾਵੇਗਾ।

ਸੁਖਵਿੰਦਰ ਸਿੰਘ ਮੁੱਲਾਂਪੁਰ

.+91 9914184794

ਜੇਕਰ ਗੁਰਦੇ ਦੀ ਪੱਥਰੀ ਤੋਂ ਤੁਸੀਂ ਪਰੇਸ਼ਾਨ ਹੋ ਤਾਂ ਘਬਰਾਉਣ ਦੀ ਕੋਈ ਲੋੜ ਨਹੀਂ ਕਰਨਾ ਕੀ ਹੈ ਤੁਸੀਂ ਇਕ ਕਿੱਲੋ ਕੁਲਥੀ ਦਾਲ ਲਵੋ ਉਸ ਨੂੰ ਮਿੱਟੀ ਦੇ ਭਾਂਡੇ ਵਿੱਚ ਬਿਨਾਂ ਲੂਣ ਮਿਰਚ ਤੋਂ ਬਣਾਉ ਅਤੇ ਹੋਰ ਕੁਝ ਵੀ ਨਹੀਂ ਖਾਣਾ ਸਿਰਫ ਕੁਲਥ ਦੀ ਦਾਲ ਹੀ ਖਾਣੀ। ਇੱਕ ਵਾਰ ਖਾਣ ਨਾਲ ਗੁਰਦੇ ਦੀ ਪੱਥਰੀ ਨਿਕਲ ਜਾਵੇਗੀ ਤੇ ਨਾਂ ਹੀ ਕੋਈ ਅੱਗੇ ਤੋਂ ਨਵੀਂ ਪੱਥਰੀ ਬਣੇਗੀ।

ਕਮਲਜੀਤ ਸਿੰਘ ਫਰਿਜ਼ਨੋ

824 5257

ਲੰਗਰ ਪਕਾਉਣ ਲਈ ਘਟ ਰਿਹਾ ਸੇਵਾ ਭਾਵ

ਲੰਗਰ ,ਸਾਂਝੀ ਰਸੋਈ ਲਈ ਵਰਤਿਆ ਜਾਣ ਵਾਲਾ ਉਹ ਸਬਦ ਹੈ, ਜਿਸ ਅਨੁਸਾਰ ਗੁਰੂ ਘਰ ਵਿੱਚ ਬਿਨਾਂ ਕਿਸੇ ਵਿਤਕਰੇ ਦੇ ਬਹੁਤ ਸਾਰੇ ਲੋਕਾਂ ਵੱਲੋਂ ਬਹੁਤ ਸਰਧਾ ਨਾਲ ਖਾਣਾ ਬਣਾਇਆ ਜਾਂਦਾ ਹੈ ਤੇ ਫਿਰ ਸਾਰੇ ਸਰਧਾਲੂਆਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਮੁਫਤ ਖਾਣਾ ਛਕਾਇਆ ਜਾਂਦਾ ਹੈ। ਲੰਗਰ ਵਿੱਚ ਆਮ ਤੌਰ ਉੱਤੇ ਖਾਣਾ ਸਾਰੀ ਸੰਗਤ ਨੂੰ ਇੱਕ ਪੰਗਤ ਵਿੱਚ ਬਿਠਾ ਕੇ ਇਸ ਤਰ੍ਹਾਂ ਪਰੋਸਿਆ ਜਾਂਦਾ ਹੈ ਕਿ ਸਾਰੇ ਲੋਕ ਆਪਣੇ ਪਿਛੋਕੜ ਦੇ ਵਿਤਕਰੇ ਨੂੰ ਭੁਲਾ ਕੇ ਛਕ ਸਕਣ ।ਜਿਸ ਤਰ੍ਹਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਣਾ ਏਕਤਾ ਅਤੇ ਬਰਾਬਰਤਾ ਦਾ ਸੰਦੇਸ ਦਿੰਦਾ ਹੈ ਉਸੇ ਤਰ੍ਹਾਂ ਲੰਗਰ ਪਕਾਉਣ ਅਤੇ ਛਕਾਉਣ ਦੀ ਸੇਵਾ ਕਰਨ ਨਾਲ ਹਉਮੈ ਦੀ ਨਵਿਰਤੀ ਹੁੰਦੀ ਹੈ। ਲੰਗਰ ਦੀ ਸੇਵਾ ਅਸਲ 'ਚ ਗੁਰੂ ਦੀ ਸੇਵਾ ਹੈ ਅਤੇ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਰਸਮੀ ਤੌਰ ਤੇ ਲੰਗਰ ਪ੍ਰਥਾ ਦੀ ਸੁਰੂਆਤ ਤੀਜੇ ਗੁਰੂ ਅਮਰਦਾਸ ਜੀ ਦੇ ਦੌਰ ਵਿੱਚ ਹੋਈ। ਉਂਝ ਜੇ ਦੇਖਿਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਦੇ ਵੀਹ ਰੁਪਏ ਦੇ ਸੱਚੇ ਸੌਦੇ ਤੋਂ ਹੀ ਇਹ ਪ੍ਰਥਾ ਚਾਲੂ ਹ�و ਗਈ ਸੀ। ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥

ਬਾਣੀ ਦੀਆਂ ਉਪਰੋਕਤ ਤੁਕਾਂ ਅਨੁਸਾਰ ਹੁਣ ਜੇ ਲੰਗਰ ਪਕਾਉਣ ਦੀ ਗੱਲ ਕਰੀਏ ਤਾਂ ਅਧਿਆਤਮਿਕ ਮਾਰਗ 'ਤੇ ਚੱਲਦਿਆਂ ਗੁਰੂ ਘਰ ਵਿੱਚ ਨਿਰ-ਇੱਛਤ ਅਤੇ ਸਰਧਾ ਨਾਲ ਕੀਤੀ ਗਈ ਸੇਵਾ ਦੀ ਬੜੀ ਮਹਾਨਤਾ ਹੈ ਅਤੇ ਉਹ ਗੁਰੂ ਦੇ ਦਰ 'ਤੇ ਪਰਵਾਨ ਹੁੰਦੀ ਹੈ। ਸੇਵਾ ਕਰਨ ਵਾਲੇ ਸੇਵਕ ਦਾ ਹਉਮੈ ਰੋਗ ਕੱਟਿਆ ਜਾਂਦਾ ਹੈ। ਸੇਵਾ ਕਰਨ ਨਾਲ ਮਨ ਵਿੱਚ ਹਲੀਮੀ ਆਉਂਦੀ ਹੈ। ਲੰਗਰ ਪਕਾਉਣ ਸਮੇਂ ਜੋ ਸੇਵਾ ਭਾਵ ਉਪਜਦਾ ਹੈ ਉਸ ਸਮੇਂ ਮਨੁੱਖ ਦੇ ਅੰਦਰ ਦੀ ਪ੍ਰਵਿਰਤੀ ਐਨੀ ਸੁੱਧ ਹੋਈ ਹੁੰਦੀ ਹੈ ਕਿ ਉਸ ਦੇ ਹਿਰਦੇ ਵਿੱਚ ਸਰਧਾ ਭਾਵਨਾ ਠਾਠਾਂ ਮਾਰ ਰਹੀ ਹੁੰਦੀ ਹੈ,ਉਸ ਦੀ ਜੁਬਾਨ ਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਚੱਲ ਰਿਹਾ ਹੁੰਦਾ ਹੈ ਅਤੇ ਰੋਮ ਰੋਮ ਵਿੱਚੋਂ ਪਰਮਾਤਮ ਪਿਆਰ ਦੀਆਂ ਤਰੰਗਾਂ ਜਦ ਨਿਕਲਦੀਆਂ ਹਨ ਤਾਂ ਉਨ੍ਹਾਂ ਹੱਥਾਂ ਨਾਲ ਬਣਾਇਆ ਖਾਣਾ ਲੰਗਰ ਬਣ ਜਾਂਦਾ ਹੈ ਜਿਸ ਨੂੰ ਪੰਗਤ ਵਿੱਚ ਬੈਠ ਕੇ ਛਕਣ ਵਾਲੀ ਸੰਗਤ ਬਹੁਤ ਆਨੰਦਿਤ ਮਹਿਸੂਸ ਕਰਦੀ ਹੈ।

ਜਿਵੇਂ ਜਿਵੇਂ ਅਬਾਦੀ ਵਧ ਰਹੀ ਹੈ ਅਤੇ ਵਿਸਵੀਕਰਨ ਹੋ ਰਿਹਾ ਹੈ ਤਿਵੇਂ ਤਿਵੇਂ ਲੋਕਾਂ ਅੰਦਰ ਲੰਗਰ ਪਕਾਉਣ ਪ੍ਰਤੀ ਸੇਵਾ ਭਾਵਨਾ ਘਟਦੀ ਜਾ ਰਹੀ ਹੈ। ਜਿੱਥੇ ਸਮੇਂ ਦੀ ਲੋੜ ਮੁਤਾਬਿਕ ਸੰਗਤਾਂ ਦੀ ਸੁੱਖ ਸਹੂਲਤ ਲਈ ਇਤਿਹਾਸਕ ਗੁਰੂ ਘਰਾਂ ਵਿੱਚ ਲੰਗਰ ਪਕਾਉਣ ਵਾਲੀਆਂ ਮਸੀਨਾਂ ਆ ਗਈਆਂ ਹਨ,ਉੱਥੇ ਸੰਗਤਾਂ ਦੀ ਸਮੇਂ ਦੀ ਬੱਚਤ ਹੁੰਦੀ ਹੈ ਕਿਉਂਕਿ ਨਹੀਂ ਤਾਂ ਜਾਂ ?ਆਦਾ ਸੰਗਤ ਹੋਣ ਕਰਕੇ ਕਈ ਗੁਰਦੁਆਰਿਆਂ ਵਿੱਚ ਲੰਗਰ ਛਕਣ ਲਈ ਲਾਈਨਾਂ ਵਿੱਚ ਖੜ੍ਹ ਕੇ ਲੰਗਰ ਛਕਣ ਵਾਰੀ ਆਉਣ ਦਾ ਇੰਤਜਾਰ ਕਰਨਾ ਪੈਂਦਾ ਸੀ ।ਪਰ ਇਹ ਗੱਲ ਵੱਡੇ ਇਤਿਹਾਸਕ ਗੁਰਦੁਆਰਿਆਂ ਵਿੱਚ ਤਾਂ ਢੁਕਦੀ ਹੈ ਕਿਉਂਕਿ ਉੱਥੇ ਹਰ ਵੇਲੇ ਦੂਰ ਦੂਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਆਉਣ ਕਰਕੇ ਉਨ੍ਹਾਂ ਦੀ ਸੁੱਖ ਸਹੂਲਤਾਂ ਦਾ ਧਿਆਨ ਰੱਖਣਾ ਵੀ ਜਰੂਰੀ ਹੈ। ਦੂਜੀ ਗੱਲ ਮਸੀਨਾਂ ਰਾਹੀਂ ਤਿਆਰ ਹੋ ਰਹੇ ਲੰਗਰ ਲਈ ਵੀ ਸੈਂਕੜੇ ਸੇਵਾਦਾਰ ਪ੍ਰਭੂ ਸਿਮਰਨ ਕਰਦੇ ਹੋਏ ਪੂਰੀ ਸੇਵਾ ਭਾਵਨਾ ਨਾਲ ਲੰਗਰ ਪਕਾਉਣ ਵਿੱਚ ਯੋਗਦਾਨ ਪਾ ਰਹੇ ਹੁੰਦੇ ਹਨ।

ਅੱਜ ਕੱਲ੍ਹ ਪਿੰਡਾਂ, ਨਗਰਾਂ ਅਤੇ ਮੁਹੱਲਿਆਂ ਵਿੱਚ ਬਣੇ ਗੁਰਦੁਆਰਿਆਂ ਵਿੱਚ ਲੰਗਰ ਪਕਾਉਣ ਲਈ ਲੋਕਾਂ ਵਿੱਚ ਸੇਵਾ ਭਾਵਨਾ ਘਟਦੀ ਜਾ ਰਹੀ ਹੈ । ਇਸ ਦਾ ਕਾਰਨ ਸਮੇਂ ਦੀ ਕਮੀਂ ਹੋਣ ਕਰਕੇ ਜਾਂ ਐਸ ਇਸਰਤ ਭਰਪੂਰ ਅਤੇ ਅਰਾਮ ਪ੍ਰਸਤ ਜੀਵਨ ਸੈਲੀ ਅਪਣਾਉਣ ਕਰਕੇ ਜਾਂ ਫਿਰ ਕਈ ਹੋਰ ਕਾਰਨ ਹੋਣ ਕਰਕੇ । ਹਜੇ ਕੁਝ ਵਰ੍ਹੇ ਪਹਿਲਾਂ ਤੱਕ ਹੀ ਲੰਗਰ ਪਕਾਉਣ ਲਈ ਸਬੰਧਤ ਨਗਰਾਂ ਦੀਆਂ ਵਾਸੀ ਔਰਤਾਂ, ਬੱਚਿਆਂ ਅਤੇ ਬੰਦਿਆਂ ਵਿੱਚ ਸੇਵਾ ਭਾਵਨਾ ਐਨੀ ਪ੍ਰਬਲ ਹੁੰਦੀ ਸੀ ਕਿ ਰੋਟੀ ਪਕਾਉਣ ਲਈ ਔਰਤਾਂ ਨੂੰ ਸੇਵਾ ਕਰਨ ਲਈ ਇੰਤਜਾਰ ਕਰਕੇ ਮੌਕਾ ਲੱਭਣਾ ਪੈਂਦਾ ਸੀ। ਦਾਲਾਂ ਸਬਜੀਆਂ ਬਣਾਉਣ ਲਈ ਇੱਕ ਦਿਨ ਪਹਿਲਾਂ ਹੀ ਔਰਤਾਂ,ਬੱਚੇ ਸਬਜੀਆਂ ਕੱਟਣ ਲਈ ਪਹੁੰਚ ਜਾਂਦੇ ਸਨ। ਸਾਰਿਆਂ ਅੰਦਰ ਸਰਧਾ ਭਾਵ ਐਨਾ ਪ੍ਰਬਲ ਹੁੰਦਾ ਸੀ ਕਿ ਜਿੱਥੇ ਇੱਕ ਦੂਜੇ ਤੋਂ ਅੱਗੇ ਹੋ ਕੇ ਸੇਵਾ ਕਰਦੇ ਸਨ ਉੱਥੇ ਹੀ ਉਹ ਆਪਣੇ ਆਪ ਨੂੰ ਬਹੁਤ ਭਾਗਾਂ ਵਾਲੇ ਸਮਝਦੇ ਸਨ ਕਿ ਉਹਨਾਂ ਨੂੰ ਇਹ ਸੁਭਾਗਾ ਮੌਕਾ ਪ੍ਰਾਪਤ ਹੋਇਆ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਲੰਗਰ ਪਕਾਉਣ ਲਈ ਸੇਵਾ ਭਾਵਨਾ ਵਿੱਚ ਕਮੀ ਆਈ ਹੈ,ਇਸ ਗੱਲ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਲੰਗਰ ਵਿੱਚ ਪ੍ਰਸਾਦੇ ਪਕਾਉਣ ਲਈ ਬੀਬੀਆਂ ਦਿਹਾੜੀ ਤੇ ਲਿਆਂਦੀਆਂ ਜਾਂਦੀਆਂ ਹਨ। ਆਮ ਕਰਕੇ ਘਰਾਂ ਵਿੱਚ ਖਾਣ ਵਾਲੀ ਰੋਟੀ ਨੂੰ ਗੁਰੂ ਘਰ ਵਿੱਚ ਪ੍ਰਸਾਦੇ ਦਾ ਨਾਂ ਦਿੱਤਾ ਗਿਆ ਹੈ ਕਿਉਂਕਿ ਉਹ ਲੰਗਰ ਵਿੱਚ ਸਰਧਾ,ਪਿਆਰ ਅਤੇ ਸਤਿਕਾਰ ਨਾਲ ਬਣੇ ਹੋਣ ਕਰਕੇ ਪ੍ਰਸਾਦ ਰੂਪ ਹੋ ਜਾਂਦਾ ਹੈ। ਵਪਾਰੀਕਰਨ ਵਧਣ ਨਾਲ ਬੇਸੱਕ ਔਰਤਾਂ ਦਿਹਾੜੀ ਤੇ ਪ੍ਰਸਾਦੇ ਬਣਾ ਕੇ ਆਪਣੇ ਪਰਿਵਾਰ ਲਈ ਕਮਾਈ ਕਰਦੀਆਂ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਦਿਹਾੜੀ ਤੇ ਕੰਮ ਕਰਨ ਵਾਲੇ ਵਿਅਕਤੀ ਅੰਦਰ ਧਾਰਮਿਕ ਭਾਵਨਾਵਾਂ ਦੀ ਕਮੀ ਹੁੰਦੀ ਹੈ, ਉਸ ਅੰਦਰ ਸਰਧਾ ਘੱਟ ਤੇ ਲਾਲਚ ਵੱਧ ਹੁੰਦਾ ਹੈ, ਉਹ ਤਿੰਨ ਚਾਰ ਔਰਤਾਂ ਰੋਟੀਆਂ ਪਕਾਉਂਦੀਆਂ ਹੋਈਆਂ ਨਾਮ ਸਿਮਰਨ ਦੀ ਬਿਜਾਏ ਘੁਸਰ ਮੁਸਰ ਕਰਦੀਆਂ ਚੁਗਲੀਆਂ ਕਰਦੀਆਂ ਪਾਈਆਂ ਜਾਂਦੀਆਂ ਹਨ। ਇਹੋ ਜਿਹੀਆਂ ਮਕਾਰ ਭਾਵਨਾਵਾਂ ਨਾਲ ਪਕਾਈਆਂ ਰੋਟੀਆਂ ਪ੍ਰਸਾਦਾ ਕਿਵੇਂ ਬਣ ਸਕਣਗੀਆਂ, ਉਹਨਾਂ ਅੰਦਰ ਪਰਮਾਤਮ ਰਸ ਕਿਵੇਂ ਪੈਦਾ ਹੋਵੇਗਾ,ਇਹ ਡੂੰਘਾਈ ਨਾਲ ਸੋਚਣ ਦਾ ਵਿਸਾ ਹੈ। ਪਿਛਲੇ ਦਿਨੀਂ ਸਾਡੇ ਬਜੁਰਗ ਅਕਾਲ ਚਲਾਣਾ ਕਰ ਗਏ। ਸਸਕਾਰ ਕਰਨ ਉਪਰੰਤ ਗੁਰੂ ਘਰ ਅਰਦਾਸ ਲਈ ਪੁੱਜੇ ।ਆਈ ਸੰਗਤ ਲਈ ਘਰੋਂ ਕੰਮ ਵਾਲੀ ਨੇ ਗੁਰਦੁਆਰਾ ਸਾਹਿਬ ਆ ਕੇ ਵਧੀਆ ਗਾੜ੍ਹੀ ਜਿਹੀ ਦਾਲ ਬਣਾ ਕੇ ਰੱਖ ਦਿੱਤੀ ਸੀ ਤੇ ਦਿਹਾੜੀ ਤੇ ਰੋਟੀਆਂ ਬਣਾਉਣ ਵਾਲੀਆਂ ਨੂੰ ਪ੍ਰਸਾਦਾ ਪਕਾਉਣ ਲਈ ਆਖ ਦਿੱਤਾ ਗਿਆ ਸੀ। ਜਦ ਸਸਕਾਰ ਕਰ ਕੇ ਆਏ ਲੋਕ ਗੁਰਦੁਆਰੇ ਅਰਦਾਸ ਉਪਰੰਤ ਲੰਗਰ ਛਕਣ ਲਈ ਬੈਠੇ ਤਾਂ ਦਾਲ ਫੁਲਕਾ ਪਰੋਸਿਆ ਗਿਆ। ਪਰ ਲੋਕਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਰੋਟੀ ਦਾਲ ਨਾਲ ਖਾ ਰਹੇ ਸਨ ਜਾਂ ਨਮਕ ਹਲਦੀ ਪਾਕੇ ਉਬਲੇ ਹੋਏ ਪਾਣੀ ਨਾਲ ਖਾ ਰਹੇ ਸਨ। ਸਾਨੂੰ ਬਹੁਤ ਸਰਮਿੰਦਗੀ ਮਹਿਸੂਸ ਹੋਈ ਪਰ ਮੌਕਾ ਇਹੋ ਜਿਹਾ ਸੀ ਕਿ ਕੋਈ ਖਾਣੇ ਬਾਰੇ ਗੱਲ ਕਰਦਾ ਚੰਗਾ ਨਹੀਂ ਲੱਗਦਾ ਸੀ। ਪਰ ਕੁਝ ਦਿਨਾਂ ਵਿੱਚ ਗੱਲ ਨਿਕਲ ਆਈ ਕਿ ਦਿਹਾੜੀ ਤੇ ਪ੍ਰਸਾਦੇ ਬਣਾਉਣ ਵਾਲੀਆਂ ਬੀਬੀਆਂ ਨੇ ਆਪਣੇ ਆਪਣੇ ਘਰਾਂ ਨੂੰ ਦਾਲ ਭੇਜ ਕੇ ਬਾਕੀ ਬਚੀ ਦਾਲ ਵਿੱਚ ਦੋ ਬਾਲਟੀਆਂ ਪਾਣੀ ਤੇ ਨਮਕ ਹਲਦੀ ਪਾ ਕੇ ਉਬਾਲ ਦਿੱਤਾ ਸੀ। ਗੁਰਦੁਆਰਿਆਂ ਵਿੱਚ ਇਹੋ ਜਿਹੀ ਭਾਵਨਾ ਨਾਲ ਤਿਆਰ ਕਰਨ ਵਾਲੀਆਂ ਔਰਤਾਂ ਦੁਆਰਾ ਪਕਾਇਆ ਲੰਗਰ ਕਿੰਨਾ ਕੁ ਮਹੱਤਵ ਰੱਖਦਾ ਹੈ ?

ਗੁਰਪੁਰਬ ਦੇ ਮੌਕਿਆਂ ਤੇ ਜਾਂ ਹੋਰ ਧਾਰਮਿਕ ਸਮਾਗਮਾਂ ਦੇ ਮੌਕਿਆਂ ਤੇ ਲੰਗਰ ਪਕਾਉਣ ਲਈ ਦਿਹਾੜੀ ਤੇ ਪ੍ਰਸਾਦੇ ਬਣਵਾਉਣਾ ਕਿੰਨਾ ਕੁ ਸਹੀ ਹੈ ਜਾਂ ਗਲਤ ਹੈ ,ਇਸ ਬਾਰੇ ਤਾਂ ਮੈਂ ਬਹੁਤਾ ਕਿੰਤੂ ਪ੍ਰੰਤੂ ਨਹੀਂ ਕਰਦੀ ਪਰ ਐਨਾ ਜਰੂਰ ਹੈ ਕਿ ਸਰਧਾ ਭਾਵਨਾ ਨਾਲ ਪਕਾਈ ਰੋਟੀ ਜਦ ਪ੍ਰਸਾਦਾ ਬਣਦੀ ਹੈ ਤਾਂ ਅਧਿਆਤਮਕ ਭਾਵਨਾ ਵਿੱਚ ਰੰਗਿਆ ਉਹ ਪ੍ਰਸਾਦਾ ਮਨੁੱਖ ਦੇ ਲੱਖਾਂ ਰੋਗ ਤੋੜਨ ਵਾਲੀ ਦਾਰੂ ਬਣ ਜਾਂਦਾ ਹੈ ਜਿਸ ਦਾ ਮੁਕਾਬਲਾ ਦਿਹਾੜੀ ਦੇ ਕੇ ਤਿਆਰ ਕਰਵਾਇਆ ਪ੍ਰਸਾਦਾ ਕਦੇ ਨਹੀਂ ਕਰ ਸਕਦਾ। ਇਸ ਲਈ ਸਾਨੂੰ ਲੰਗਰ ਪਕਾਉਣ ਦੀ ਸੇਵਾ ਨਾਲ ਆਪ ਜੁੜ ਕੇ ਉਸ ਦਾ ਮਹੱਤਵ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸਣਾ ਚਾਹੀਦਾ ਹੈ ਅਤੇ ਇਸ ਨਾਲ ਵੱਧ ਤੋਂ ਵੱਧ ਜੋੜਨਾ ਚਾਹੀਦਾ ਹੈ।

ਬਰਜਿੰਦਰ ਕੌਰ ਬਿਸਰਾਓ...
9988901324

ਜ਼ਿੰਦਗੀ ਦਾ ਰੰਗਮੰਚ

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
ਇੰਡੀਆ ਬੁੱਕ ਆੱਫ ਰਿਕਾਰਡਜ ਹੋਲਡਰ

ਅਕਸਰ ਮਨ ਵਿੱਚ ਖਿਆਲ ਆਉਂਦਾ ਹੈ ਕਿ ਜ਼ਿੰਦਗੀ ਕੀ ਹੈ ? ਮਨ ਚਾਹੁੰਦਾ ਹੈ ਜ਼ਿੰਦਗੀ ਦੇ ਬਾਰੇ ਵਿੱਚ ਜਾਨਣਾ , ਇਸ ਨੂੰ ਸਮਝਣਾ । ਜ਼ਿੰਦਗੀ ਦੇ ਪ੍ਰਤੀ ਹਰ ਇੱਕ ਮਨੁੱਖ ਦਾ ਆਪੋ ਆਪਣਾ (ਸਮੇਂ , ਸਥਿਤੀ , ਸਥਾਨ , ਸਮਝ , ਤਜਰਬੇ , ਅਨੁਭਵ , ਗਿਆਨ ਅਨੁਸਾਰ) ਨਜ਼ਰੀਆ , ਸਮਝ ਤੇ ਕਲਪਨਾ ਹੈ । ਅਹੁਦੇ , ਰੁੱਤਬੇ , ਗਿਆਨ , ਤਜਰਬੇ , ਅਮੀਰੀ , ਗਰੀਬੀ , ਸੋਚ ਅਨੁਸਾਰ ਹਰ ਕਿਸੇ ਲਈ ਜ਼ਿੰਦਗੀ ਦੀ ਪਰਿਭਾਸ਼ਾ , ਜ਼ਿੰਦਗੀ ਪ੍ਰਤੀ ਸਮਝ ਅਤੇ ਜਾਂ ?ਦਗੀ ਅਲੱਗ - ਅਲੱਗ ਹੈ । ਪਰ ਇਹ ਇੱਕ ਸਹੀ ਗੱਲ ਹੈ ਕਿ ਜ਼ਿੰਦਗੀ ਇੱਕ ਰੰਗਮੰਚ ਦੀ ਤਰ੍ਹਾਂ ਹੈ । ਜਿੱਥੇ ਅਸੀਂ ਸਾਰੇ ਸਮੇਂ , ਸਥਿਤੀ ਤੇ ਹਾਲਾਤਾਂ ਅਨੁਸਾਰ ਵੱਖ - ਵੱਖ ਤਰ੍ਹਾਂ ਦੀ ਭੂਮਿਕਾ ਨਿਭਾਉਂਦੇ ਹਾਂ ਅਤੇ ਦੁਨੀਆਂ ਵਿੱਚ ਇਸ ਰੰਗਮੰਚ 'ਤੇ ਨਿਭਾਈ ਹੋਈ ਆਪਣੀ ਭੂਮਿਕਾ ਅਨੁਸਾਰ ਉਹੋ ਜਿਹੀਆਂ ਪੈੜਾਂ ਯਾਦਾਂ , ਨਿਸ਼ਾਨ , ਚੇਤੇ , ਛੱਡ ਜਾਂਦੇ ਹਾਂ । ਚੇਤਿਆਂ ਵਿੱਚ ਆਸਵੰਦ , ਸਕਾਰਾਤਮਕ , ਯਥਾਰਥਵਾਦੀ ਭੂਮਿਕਾ ਵਜੋਂ ਵੱਸਣ ਲਈ ਸਾਨੂੰ ਇਸ ਰੰਗਮੰਚ 'ਤੇ ਆਪਣੀ ਭੂਮਿਕਾ ਉਸਾਰੂ , ਸੁਚਾਰੂ ਤੇ ਇਮਾਨਦਾਰੀ ਭਰੀ ਨਿਭਾ ਕੇ , ਦੂਸਰਿਆਂ ਦਾ ਭਲਾ ਕਰਕੇ , ਮਾਨਵਤਾ , ਜੀਵ - ਜੰਤਆਂ ਦੀ ਭਲਾਈ ਦੇ ਉਪਰਾਲੇ ਕਰਕੇ , ਲੋੜਵੰਦਾਂ ਦੀ ਸਹਾਇਤਾ ਕਰਕੇ ਅਤੇ ਨਿਮਰਤਾ ਭਰਪੂਰ ਵਿਵਹਾਰ ਅਪਣਾ ਕੇ ਜ਼ਿੰਦਗੀ ਦੇ ਰੰਗਮੰਚ 'ਤੇ ਆਪਣਾ ਕਿਰਦਾਰ ਉਸਾਰੂ , ਸੁਚਾਰੂ ਤੇ ਉਤਮ ਬਣਾਉਣਾ ਚਾਹੀਦਾ ਹੈ । ਜ਼ਿੰਦਗੀ ਦੇ ਸਕੂਲ ਵਿੱਚ ਅਸੀਂ ਅਨੇਕਾਂ ਜੀਵਨ ਤਜਰਬੇ , ਸਿੱਖਿਆਵਾਂ , ਗਿਆਨ ਤੇ ਅਨੁਭਵ ਹਾਸਲ ਕਰਦੇ ਹਾਂ , ਜੋ ਕਿ ਸਾਨੂੰ ਮੌਖਿਕ ਜਾਂ ਲਿਖਤੀ ਰੂਪ ਵਿੱਚ ਦੂਸਰਿਆਂ ਤੱਕ ਵੰਡਣਾ ਤੇ ਪਹੁੰਚਾਉਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਜੋ ਕੇ ਰੱਖਣਾ ਚਾਹੀਦਾ ਹੈ । ਜ਼ਿੰਦਗੀ ਦੇ ਰੰਗ ਮੰਚ ਵਿੱਚ ਜੇਕਰ ਅਸੀਂ ਸਹੀ ਅਤੇ ਉਸਾਰੂ ਤੇ ਵਧੀਆ ਭੂਮਿਕਾ ਨਿਭਾਵਾਂਗੇ , ਤਦ ਹੀ ਸਹੀ ਹੋ ਸਕਦਾ ਹੈ । ਪਿਛੋਕੜ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਨੇ ਵੀ ਜ਼ਿੰਦਗੀ ਦੇ ਰੰਗਮੰਚ ਵਿੱਚ ਨਕਾਰਾਤਮਕ ਭੂਮਿਕਾ ਅਦਾ ਕੀਤੀ , ਉਹ ਦੁਨੀਆਂ ਵਿੱਚ ਅੱਜ ਵੀ ਬੁਰਾਈ ਦੇ ਪ੍ਰਤੀਕਾਂ ਵਜੋਂ ਜਾਣੇ ਜਾਂਦੇ ਰਹੇ । ਜ਼ਿੰਦਗੀ ਦੇ ਰੰਗਮੰਚ ਵਿੱਚ ਉਸਾਰੂ ਅਤੇ ਉੱਤਮ ਭੂਮਿਕਾ ਨਿਭਾਉਣ ਵਾਲਿਆਂ ਨੂੰ ਦੁਨੀਆਂ ਅੱਜ ਵੀ ਯਾਦ ਕਰਦੀ ਹੈ , ਪ੍ਰਣਾਮ ਕਰਦੀ ਹੈ ਅਤੇ ਸਤਿਕਾਰ ਵਜੋਂ ਉਨ੍ਹਾਂ ਨੂੰ ਯਾਦ ਕੀਤਾ ਜਾਂਦਾ ਹੈ । ਇਸ ਨੂੰ ਮੁੱਖ ਰੱਖਦੇ ਹੋਏ ਜ਼ਿੰਦਗੀ ਵਿੱਚ ਪਿਆਰ , ਭਾਈਚਾਰਕ ਸਾਂਝ , ਮਿਲਵਰਤਨ , ਨਿਮਰਤਾ , ਪਰ ਉਪਕਾਰ ਮਾਨਵਤਾ ਅਤੇ ਜੀਵ ਜੰਤ ਦੀ ਭਲਾਈ ਦੀ ਧਾਰਨਾ ਬਣਾਈ ਰੱਖਣਾ ਤੇ ਉਸ 'ਤੇ ਅਮਲ ਕਰਨਾ ਜ਼ਰੂਰੀ ਹੋ ਜਾਂਦਾ ਹੈ । ਜ਼ਿੰਦਗੀ ਦੇ ਇਸ ਰੰਗਮੰਚ ਵਿੱਚ ਜ਼ਿੰਦਗੀ ਤੋਂ , ਵੱਡੇ - ਵਡੇਰਿਆਂ ਤੇ ਮਹਾਂਪੁਰਸ਼ਾਂ ਦੇ ਤਜਰਬਿਆਂ ਤੋਂ ਅਤੇ ਚੰਗੀਆਂ ਪੁਸਤਕਾਂ ਤੋਂ ਸਿੱਖਦੇ ਰਹਿਣਾ ਚਾਹੀਦਾ ਹੈ ।ਜ਼ਿੰਦਗੀ ਨੂੰ ਜਿਊਣਾ ਚਾਹੀਦਾ ਹੈ , ਢੋਣਾ ਨਹੀਂ ਚਾਹੀਦਾ । ਜ਼ਿੰਦਗੀ ਦੇ ਰੰਗਮੰਚ ਦਾ ਅਨੰਦ ਕੇਵਲ ਤੇ ਕੇਵਲ ਸਾਦਗੀ ਦਾ ਗੁਣ ਧਾਰਨ ਕਰਕੇ ਹੀ ਮਾਣਿਆ ਜਾ ਸਕਦਾ ਹੈ ; ਕਿਉਂਕਿ ਸਾਦਗੀ ਸਕੂਨ ਦਾ ਆਧਾਰ ਬਣਦੀ ਹੈ । ਪਰਾਏ ਧਨ , ਪਰਾਈ ਵਾਸਤੂ , ਪਰਾਏ ਤਨ ਦੀ ਲਾਲਸਾ ਤੇ ਪ੍ਰਾਪਤੀ ਦੀ ਚਾਹਤ ਜ਼ਿੰਦਗੀ ਨੂੰ ਨਰਕ /ਦੁਸ਼ਵਾਰ ਬਣਾ ਦਿੰਦੀ ਹੈ । ਅਜਿਹੀ ਚਾਹਤ ਜ਼ਿੰਦਗੀ ਵਿੱਚੋਂ ਖ਼ੁਸ਼ੀਆਂ ਖੇੜੇ ਆਨੰਦ ਖੋਹ ਲੈਂਦੀ ਹੈ ਤੇ ਜ਼ਿੰਦਗੀ ਦਾ ਰੰਗ ਮੰਚ ਬੇਰੰਗ ਬਣ ਜਾਂਦਾ ਹੈ । ਈਰਖਾ , ਲੋਭ , ਦਿਖਾਵਾ , ਬਿਨਾਂ ਮਿਹਨਤ ਧਨ ਪ੍ਰਾਪਤੀ ਦੀ ਲਾਲਸਾ ਅਤੇ ਨਾ ਖ਼ਤਮ ਹੋਣ ਵਾਲੀਆਂ ਇੱਛਾਵਾਂ ਮਨੁੱਖ ਦੀ ਜ਼ਿੰਦਗੀ ਨੂੰ ਅਤੇ ਜ਼ਿੰਦਗੀ ਦੇ ਇਸ ਰੰਗ ਮੰਚ ਨੂੰ ਬਦਰੰਗ , ਖੋਖਲਾ ਤੇ ਅਸ਼ਾਂਤ ਕਰ ਦਿੰਦੇ ਹਨ । ਇਸ ਲਈ ਜ਼ਿੰਦਗੀ ਦੇ ਇਸ ਰੰਗ ਮੰਚ ਦਾ ਭਰਪੂਰ ਆਨੰਦ ਲੈਣ ਲਈ ਸਾਦਗੀ , ਇਮਾਨਦਾਰੀ , ਪਰਉਪਕਾਰ ਦੀ ਭਾਵਨਾ ਅਤੇ ਕਰਮਸ਼ੀਲਤਾ ਵਰਗੇ ਮਹਾਨ ਗੁਣਾਂ ਦੇ ਧਾਰਨੀ ਬਣਨਾ ਸਹੀ ਹੋ ਸਕਦਾ ਹੈ ਤਾਂ ਜੋ ਜ਼ਿੰਦਗੀ ਅਤੇ ਜ਼ਿੰਦਗੀ ਦਾ ਰੰਗ ਮੰਚ ਸੱਚਮੁੱਚ ਰੰਗਾਂ , ਖੁਸ਼ੀਆਂ , ਖੇੜਿਆਂ , ਸ਼ਾਂਤੀ , ਸਕੂਨ ਤੇ ਆਨੰਦ ਦਾ ਮੰਚ ਬਣ ਜਾਵੇ ।

ਰੀਤੀ ਰਿਵਾਜ਼ ਬਨਾਮ ਫੋਕੀ ਸ਼ੋਹਰਤ

ਹਰਦੀਪ ਸਿੰਘ ਝੱਜ

ਖੁਸ਼ੀ ਤੇ ਗ਼ਮ ਜ਼ਿੰਦਗੀ ਦਾ ਅਟੁੱਟ ਅੰਗ ਹਨ। ਇਹ ਦੋਨੋਂ ਮੌਕੇ ਵਾਰ ਵਾਰ ਆਉਂਦੇ ਰਹਿੰਦੇ ਹਨ। ਸਮਾਜ ਵਿੱਚ ਵਿਚਰਦਿਆਂ ਖੁਸ਼ੀਆਂ ਗ਼ਮੀਆਂ ਦੇ ਮੌਕਿਆਂ ਨੂੰ ਸੰਪੂਰਨ ਕਰਨ ਲਈ ਅਨੇਕਾਂ ਹੀ ਰਸਮਾਂ ਅਦਾ ਕਰਨੀਆਂ ਪੈਂਦੀਆਂ ਹਨ। ਪੁਰਾਣੇ ਸਮੇਂ ਤੋਂ ਲੈ ਕੇ ਅੱਜ ਤਕ ਲੋਕ ਇਨ੍ਹਾਂ ਰਸਮਾਂ ਨੂੰ ਨਿਭਾ ਰਹੇ ਹਨ। ਇਹ ਰੀਤੀ-ਰਿਵਾਜ, ਰਸਮਾਂ ਸਾਡੀ ਵਿਰਾਸਤ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਚੱਲ ਰਹੀਆਂ ਹਨ। ਭਾਵੇਂ ਅੱਜ ਇਹ ਉਹੀ ਹਨ, ਪਰ ਸਮੇਂ ਦੇ ਬਦਲਣ ਨਾਲ ਆਰਥਿਕ ਸਥਿਤੀ ਵਿੱਚ ਪਰਿਵਰਤਨ ਆਉਣ ਨਾਲ ਇਨ੍ਹਾਂ ਰੀਤੀ-ਰਿਵਾਜਾਂ ਦੀ ਦਿੱਖ ਜਾਂ ਰੂਪ ਜ਼ਰੂਰ ਬਦਲ ਗਿਆ ਹੈ।

ਗੱਲ ਵਿਆਹ ਤੋਂ ਸ਼ੁਰੂ ਕੀਤੀ ਜਾਵੇ ਤਾਂ ਇਹ ਸਮਾਜ ਦੀ ਅਹਿਮ ਰਸਮ ਹੈ, ਪਰ ਅੱਜ ਇਸਦੇ ਅਰਥ ਬਿਲਕੁਲ ਹੀ ਬਦਲ ਚੁੱਕੇ ਹਨ। ਆਰਥਿਕ ਹਾਲਤਾਂ ਵਿੱਚ ਪਰਿਵਰਤਨ ਅਤੇ ਸਿੱਖਿਆ ਦੇ ਪ੍ਰਸਾਰ ਕਾਰਨ ਸੋਚ 'ਚ ਬਹੁਤ ਤਬਦੀਲੀ ਆਈ ਹੈ। ਰਹਿਣ-ਸਹਿਣ ਤੇ ਖਾਣ-ਪਹਿਨਣ ਦੇ ਢੰਗ ਬਦਲ ਚੁੱਕੇ ਹਨ। ਹੁਣ ਵਿਆਹ ਪ੍ਰਤੀ-ਦਿਨ ਮਹਿੰਗੇ ਹੋ ਰਹੇ ਹਨ। ਵਿਆਹ, ਇੱਕ ਰਿਵਾਜ ਪੁਗਾਉਣ ਤੋਂ ਜ਼ਿਆਦਾ, ਦਿਖਾਵੇ ਦੀ ਵਸਤੂ ਬਣ ਕੇ ਰਹਿ ਗਏ ਹਨ। ਅੱਜ ਓਨਾ ਖ਼ਰਚ ਵਿਆਹ ਤੋਂ ਪਹਿਲਾਂ ਹੋਣ ਵਾਲੇ ਸਮਾਰੋਹਾਂ 'ਤੇ ਆਉਂਦਾ ਹੈ, ਜਿੰਨਾ ਵਿਆਹ ਸਮੇਂ। ਅੱਜ ਜ਼ਿਆਦਾ ਖ਼ਰਚ ਕਰਨ ਨੂੰ ਸ਼ਾਨ ਸਮਝਿਆ ਜਾਣ ਲੱਗਾ ਹੈ।

ਦਿਖਾਵਾ ਇੰਨਾ ਭਾਰੂ ਹੋ ਗਿਆ ਹੈ ਕਿ ਲੋਕ ਆਪਣੀ ਆਮਦਨ ਤੋਂ ਬਾਹਰ ਹੋ ਕੇ ਖ਼ਰਚ ਕਰਦੇ ਹਨ। ਦਾਜ ਦੇਣਾ ਜਾਂ ਲੈਣਾ ਸ਼ਾਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਸਭ ਦਿਖਾਵੇ ਤੋਂ ਬਿਨਾਂ ਕੁਝ ਨਹੀਂ। ਦਿਖਾਵੇ ਦੇ ਦੌਰ 'ਚ ਸਕੂਨ ਘੱਟ ਅਤੇ ਸਿਰਦਰਦੀ ਜ਼ਿਆਦਾ ਵਧੀ ਹੈ। ਹੁਣ ਵਿਆਹ ਤੋਂ ਬਾਅਦ ਹੁੰਦੀਆਂ ਰਸਮਾਂ ਵੀ ਬੇਹੱਦ ਖ਼ਰਚੀਲੀਆਂ ਹੋ ਗਈਆਂ ਹਨ। ਮਿਲਣੀਆਂ, ਤੀਆਂ, ਕਰਵਾ ਚੌਥ, ਲੋਹੜੀ ਅਤੇ ਦੀਵਾਲੀ ਆਦਿ ਦੇ ਸੰਧਾਰੇ ਬੇਮੁਹਾਰੇ ਖ਼ਰਚ ਦੇ ਸਾਧਨ ਬਣ ਚੁੱਕੇ ਹਨ। ਅੱਜ ਇਨ੍ਹਾਂ ਰਿਵਾਜਾਂ ਦੀ ਆੜ 'ਚ ਦੇਖੋ-ਦੇਖੀ ਖ਼ਰਚ ਕੀਤਾ ਜਾ ਰਿਹਾ ਹੈ। ਨੱਕ ਰੱਖਣ ਲਈ ਜਾਂ ਆਪਣੇ ਆਪ ਨੂੰ ਵੱਡਾ ਅਖਵਾਉਣ ਲਈ ਕੱਪੜਿਆਂ, ਗਹਿਣਿਆਂ ਅਤੇ ਹੋਰ ਵਸਤਾਂ 'ਤੇ ਖ਼ਰਚ ਕਰਨਾ ਜ਼ਰੂਰੀ ਸਮਝਿਆ ਜਾਣ ਲੱਗਾ ਹੈ। ਜਿੰਨਾ ਵੱਧ ਖ਼ਰਚ, ਓਨੀ ਹੀ ਵਡਿਆਈ, ਅੱਜ ਇਹ ਧਾਰਨਾ ਪ੍ਰਫੁੱਲਤ ਹੋ ਰਹੀ ਹੈ।

ਇਸ ਫੋਕੀ ਸ਼ੋਹਰਤ ਅਤੇ ਸ਼ੋਸ਼ੇਬਾਜ਼ੀ ਦੀ ਲਪੇਟ ਵਿੱਚ ਸਾਡੇ ਗ਼ਮੀ ਦੇ ਸੰਸਕਾਰ ਵੀ ਆ ਚੁੱਕੇ ਹਨ। ਇੱਕ ਦੂਜੇ ਦੀ ਰੀਸ ਅਤੇ ਵਿਖਾਵੇਬਾਜ਼ੀ ਕਰਨ ਮਰਗਤ ਦੇ ਭੋਗਾਂ 'ਤੇ ਵੀ ਇੰਨਾ ਖ਼ਰਚ ਕੀਤਾ ਜਾਂਦਾ ਹੈ, ਜਿਸ ਨਾਲ ਬਹੁਤ ਕੁਝ ਉਸਾਰੂ ਹੋ ਸਕਦਾ ਹੈ। ਜਿਉਂਦੇ ਬਜ਼ੁਰਗਾਂ ਨੂੰ ਕਦੇ ਫੋਕਾ ਪਾਣੀ ਵੀ ਨੀਂ ਪੁੱਛਿਆ ਹੁੰਦਾ, ਪਰ ਭੋਗਾਂ 'ਤੇ ਤਰ੍ਹਾਂ-ਤਰ੍ਹਾਂ ਦੇ ਖਾਣਿਆਂ ਦਾ ਪ੍ਰਬੰਧ ਹੁੰਦਾ ਹੈ। ਫੋਕੀ ਪੈਂਠ ਸਥਾਪਤ ਕਰਨ ਲਈ ਅੱਜਕੱਲ੍ਹ ਸਿਆਸੀ ਨੇਤਾਵਾਂ ਨੂੰ ਸੱਦਣਾ ਵੀ ਰੁਤਬੇ ਦਾ ਪ੍ਰਤੀਕ ਬਣ ਗਿਆ ਹੈ। ਦਾਹ-ਸਸਕਾਰ ਤੋਂ ਲੈ ਕੇ ਭੋਗ ਤਕ ਕਿੰਨੀਆਂ ਹੀ ਰਸਮਾਂ ਹੁੰਦੀਆਂ ਹਨ। ਲੋਕ ਵੱਖ-ਵੱਖ ਵਾਹਨਾਂ 'ਚ ਸਵਾਰ ਹੋ ਕੇ ਇਨ੍ਹਾਂ ਰਸਮਾਂ ਨੂੰ ਨਿਭਾਉਣ ਲਈ ਜਾਂਦੇ ਹਨ। ਜਿੱਥੇ ਚਾਰ ਬੰਦਿਆਂ ਨਾਲ ਸਰ ਸਕਦੈ, ਉੱਥੇ ਦਸ ਬੰਦੇ ਆਪਣਾ ਕੰਮ ਛੱਡਦੇ ਹਨ। ਇਸ ਸਭ 'ਚ ਜਿੱਥੇ ਸਮੇਂ ਤੇ ਪੈਸੇ ਦੀ ਬਰਬਾਦੀ ਹੁੰਦੀ ਹੈ, ਉੱਥੇ ਸੜਕਾਂ 'ਤੇ ਵੀ ਭੀੜ ਵਧਦੀ ਹੈ ਜਿਸ ਨਾਲ ਹਾਦਸੇ ਵਾਪਰਦੇ ਹਨ।

ਇਕ ਹੋਰ ਨਵਾਂ ਰਿਵਾਜ ਪੈਦਾ ਹੋਇਆ ਹੈ। ਪਿਛਲੇ ਕੁਝ ਸਾਲਾਂ ਤੋਂ ਸੇਵਾ-ਮੁਕਤੀ ਸਮੇਂ ਵੱਡੇ ਪੱਧਰ 'ਤੇ ਸਮਾਗਮ ਕੀਤੇ ਜਾਣ ਲੱਗੇ ਹਨ। ਹੁਣ ਸੇਵਾ-ਮੁਕਤੀ ਦੇ ਸਮਾਰੋਹ ਆਮ ਤੌਰ 'ਤੇ ਹੋਟਲਾਂ ਅਤੇ ਮੈਰਿਜ ਪੈਲੇਸਾਂ 'ਚ ਹੁੰਦੇ ਹਨ, ਇਹ ਕਿਸੇ ਚੰਗੇ ਵਿਆਹ ਤੋਂ ਘੱਟ ਨਹੀਂ ਲੱਗਦੇ। ਮਿੱਤਰਾਂ ਅਤੇ ਰਿਸ਼ਤੇਦਾਰਾਂ ਵੱਲੋਂ ਖ਼ੂਬ ਤੋਹਫ਼ੇਬਾਜ਼ੀ ਹੁੰਦੀ ਹੈ। ਸ਼ਰਾਬ-ਕਬਾਬ ਦੇ ਨਾਲ-ਨਾਲ ਗਾਉਣ-ਵਜਾਉਣ ਦਾ ਪ੍ਰਬੰਧ ਵੀ ਉਚੇਚੇ ਤੌਰ 'ਤੇ ਹੁੰਦਾ ਹੈ।

ਇਨ੍ਹਾਂ ਰਸਮ-ਰਿਵਾਜਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਗ਼ੈਰ-ਜ਼ਰੂਰੀ ਚਿੰਤਾਵਾਂ ਦਾ ਕਾਰਨ ਬਣ ਰਹੇ ਹਨ ਕਿਉਂਕਿ ਇਹ ਬੇਲੋੜੇ ਦਿਖਾਵੇ ਦੀ ਭੇਟ ਚੜ੍ਹ ਰਹੇ ਹਨ। ਨਾਲ ਹੀ ਇਹ ਵੀ ਵੇਖਣ 'ਚ ਆ ਰਿਹਾ ਹੈ ਕਿ ਜਿੰਨਾ ਵਧੇਰੇ ਪੈਸਾ ਜ਼ਿੰਦਗੀ 'ਤੇ ਭਾਰੂ ਹੋ ਰਿਹਾ ਹੈ, ਓਨਾ ਹੀ ਸਮਾਜ ਦਿਨ ਪ੍ਰਤੀ ਦਿਨ ਤਿੜਕ ਰਿਹਾ ਹੈ। ਅੱਜ ਤਲਾਕ ਦੇ ਕੇਸ, ਘਰੇਲੂ ਉਲਝਣਾਂ ਅਤੇ ਘਰੇਲੂ ਹਿੰਸਾ ਦਿਨ ਪ੍ਰਤੀ ਦਿਨ ਵੱਧ ਰਹੀ ਹੈ। ਵਿਆਹ ਸਮੇਂ ਪੈਸੇ ਦੇ ਵਿਖਾਵੇ ਦੀ ਆੜ 'ਚ ਵਿਚਾਰਾਂ ਦੇ ਮੇਲ ਨੂੰ ਜ਼ਰੂਰੀ ਨਾ ਸਮਝ ਕੇ ਤਰਜੀਹ ਨਹੀਂ ਦਿੱਤੀ ਜਾਂਦੀ। ਅੱਜ ਲੋਕ ਪੈਸੇ ਅਤੇ ਸੁੱਖ ਸਹੂਲਤਾਂ ਪੱਖੋਂ ਤਾਂ ਆਧੁਨਿਕ ਹੋ ਗਏ ਹਨ, ਪਰ ਆਪਣੀ ਸੌੜੀ ਮਾਨਸਿਕਤਾ ਤੋਂ ਮੁਕਤ ਨਹੀਂ ਹੋ ਸਕੇ। ਇਸ ਕਰਕੇ ਅੱਜ ਵੀ ਕਈ ਪਰਿਵਾਰਾਂ 'ਚ ਪੜ੍ਹਾਈ 'ਤੇ ਪੈਸੇ ਖ਼ਰਚਣ ਨਾਲੋਂ ਵਿਆਹ ਉੱਤੇ ਵਧੇਰੇ ਪੈਸਾ ਖ਼ਰਚਣ ਦੀ ਸੋਚ ਭਾਰੂ ਹੈ। ਸਮਾਗਮਾਂ 'ਤੇ ਖ਼ਰਚ ਕੀਤਾ ਜਾਣ ਵਾਲਾ ਪੈਸਾ ਜੇਕਰ ਅੱਧਾ ਵੀ ਧੀ-ਪੁੱਤਾਂ ਦੀ ਸਿੱਖਿਆ 'ਤੇ ਖ਼ਰਚ ਕਰ ਦਿੱਤਾ ਜਾਵੇ ਤਾਂ ਉਹ ਸਵੈ-ਵਿਸ਼ਵਾਸ ਅਤੇ ਆਪਣੇ ਬਲਬੂਤੇ 'ਤੇ ਘੱਟੋ-ਘੱਟ ਜ਼ਮਾਨੇ ਨਾਲ ਤਾਂ ਚੱਲ ਸਕਣਗੇ। ਉੱਚੀ ਸੋਚ ਨਾਲ ਸਮਾਜ 'ਚ ਵੀ ਉਸਾਰੂ ਯੋਗਦਾਨ ਪਾ ਸਕਣਗੇ। ਇਸ ਨਾਲ ਪਿੱਤਰਸੱਤਾ, ਭਰੂਣ ਹੱਤਿਆ ਅਤੇ ਦਾਜ ਕਾਰਨ ਹੱਤਿਆਵਾਂ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਵੀ ਠੱਲ੍ਹ ਪਵੇਗੀ। ਵਿਆਹ ਸਮੇਂ ਹੁੰਦੇ ਦਿਖਾਵੇ, ਫੋਕੀ ਸ਼ੋਸ਼ੇਬਾਜ਼ੀ ਤੋਂ ਮੁਕਤੀ ਪਾਉਣ ਲਈ ਅਜੋਕਾ ਪੜ੍ਹਿਆ-ਲਿਖਿਆ ਨੌਜਵਾਨ ਵਰਗ ਸਾਰਥਕ ਭੂਮਿਕਾ ਨਿਭਾਅ ਸਕਦਾ ਹੈ ਬਸ਼ਰਤੇ ਕਿ ਇਹ ਵਰਗ ਉੱਚੀ ਸੋਚ ਅਤੇ ਚੰਗੇ ਵਿਚਾਰਾਂ ਦਾ ਹਾਣੀ ਹੋਵੇ। ਅੰਤ 'ਚ ਇਹੀ ਆਖਿਆ ਜਾ ਸਕਦਾ ਹੈ ਕਿ ਪੀੜ੍ਹੀ ਦਰ ਪੀੜ੍ਹੀ ਚੱਲੀਆਂ ਆ ਰਹੀਆਂ ਰੀਤਾਂ-ਰਸਮਾਂ ਨੂੰ ਵਿਖਾਵੇ ਦੀ ਭੇਟ ਚੜ੍ਹਾਉਣ ਵਾਲਾ ਸਾਡਾ ਸਮਾਜ ਹੀ ਹੈ ਅਤੇ ਨਵੀਆਂ ਰੀਤਾਂ-ਰਸਮਾਂ, ਰਿਵਾਜਾਂ ਦੀ ਸ਼ੁਰੂਆਤ ਕਰਨ ਵਾਲਾ ਵੀ ਸਮਾਜ ਹੀ ਹੈ, ਪਰ ਅੱਜ ਇਸ ਵਿਖਾਵੇ, ਸ਼ੋਸ਼ੇਬਾਜ਼ੀ ਅਤੇ ਅਖੌਤੀ ਸ਼ੋਹਰਤ ਤੋਂ ਨਿਜਾਤ ਪਾਉਣ ਦੀ ਜ਼ਰੂਰਤ ਵੀ ਇਸ ਸਮਾਜ ਨੂੰ ਹੀ ਹੈ। ਅੱਜ ਹਰ ਇੱਕ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਰੀਤੀ-ਰਿਵਾਜਾਂ, ਸੰਸਕਾਰਾਂ, ਰਸਮਾਂ ਉੱਤੇ ਨਿਯੰਤਰਣ ਪਾਉਣ ਲਈ ਬਣਦਾ ਯੋਗਦਾਨ ਪਾਵੇ।

ਕਿਵੇਂ ਕਰੀਏ ਪੁੱਤਾਂ ਦਾ ਪਾਲਣ ਪੋਸ਼ਣ?

ਸਾਡੇ ਭਾਰਤੀ ਸਮਾਜ ਖ਼ਾਸ ਤੌਰ 'ਤੇ ਪੰਜਾਬੀ ਸਮਾਜ ਵਿੱਚ ਪੁੱਤਰ ਦਾ ਜਨਮ ਵਿਸ਼ੇਸ਼ ਮਹੱਤਵ ਰੱਖਦਾ ਹੈ। ਸਾਡੇ ਧਾਰਮਿਕ ਗ੍ਰੰਥਾਂ ਅਤੇ ਪੁਰਾਣੀਆਂ ਰਹੁ-ਰੀਤਾਂ ਅਨੁਸਾਰ ਪੁੱਤਰ ਦਾ ਹੋਣਾ ਬਹੁਤ ਜ਼ਰੂਰੀ ਮੰਨਿਆ ਗਿਆ ਹੈ, ਪਰ ਬਦਲਦੇ ਸਮੇਂ ਨਾਲ ਅੱਜਕੱਲ੍ਹ ਧੀਆਂ ਪੁੱਤਾਂ ਵਿੱਚ ਕੋਈ ਫ਼ਰਕ ਨਹੀਂ ਰਿਹਾ ਜੋ ਕਿ ਇੱਕ ਅਜੋਕੇ ਨਰੋਏ ਸਮਾਜ ਲਈ ਸ਼ੁਭ ਸੰਕੇਤ ਹੈ। ਅੱਜ ਮਾਪਿਆਂ ਦੇ ਮੂੰਹੋਂ ਆਮ ਹੀ ਸੁਣਿਆ ਜਾਂਦਾ ਹੈ ਕਿ ਅਸੀਂ ਧੀਆਂ ਨੂੰ ਪੁੱਤਾਂ ਵਾਂਗੂ ਪਾਲਿਆ ਹੈ, ਪਰ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਅਸੀਂ ਪੁੱਤਾਂ ਨੂੰ ਕਿਵੇਂ ਪਾਲ ਰਹੇ ਹਾਂ? ਕੀ ਅਸੀਂ ਪੁੱਤਾਂ ਨੂੰ ਧੀਆਂ ਵਾਂਗ ਪਾਲ ਰਹੇ ਹਾਂ? ਅੱਜ ਲੋੜ ਹੈ ਪੁੱਤਾਂ ਦੇ ਪਾਲਣ-ਪੋਸ਼ਣ ਵੱਲ ਵੀ ਉਚੇਚਾ ਧਿਆਨ ਦੇਣ ਦੀ। ਉਚੇਚਾ ਜਾਂ ਵਿਸ਼ੇਸ਼ ਧਿਆਨ ਤੋਂ ਭਾਵ ਇਹ ਨਹੀਂ ਕਿ ਕੇਵਲ ਖਾਣ ਪੀਣ, ਪਹਿਨਣ ਜਾਂ ਖਵਾਹਿਸ਼ਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਬਲਕਿ ਉਸਨੂੰ ਸਮਾਜ ਵਿੱਚ ਸੁੱਚਜੇ ਢੰਗ ਨਾਲ ਵਿਚਰਨਯੋਗ ਬਣਾਇਆ ਜਾਵੇ। ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਬੱਚੇ 'ਤੇ ਪਰਿਵਾਰ ਦੇ ਮਾਹੌਲ ਦਾ ਅਸਰ ਬਹੁਤ ਜ਼ਿਆਦਾ ਹੁੰਦਾ ਹੈ। ਸਾਡਾ ਸਮਾਜ ਮਰਦ ਪ੍ਰਧਾਨ ਸਮਾਜ ਹੈ। ਕੁਦਰਤ ਨੇ ਨਰ ਅਤੇ ਮਾਦਾ ਦੀ ਖ਼ੂਬਸੂਰਤ ਸਿਰਜਣਾ ਕੀਤੀ, ਪਰ ਮਰਦ ਪਤਾ ਨਹੀਂ ਕਿਵੇਂ ਉੱਤਮ ਬਣ ਗਿਆ ਅਤੇ ਔਰਤ ਨੂੰ ਆਪਣਾ ਗ਼ੁਲਾਮ ਬਣਾ ਲਿਆ। ਮਰਦ ਨੂੰ ਤਾਕਤਵਰ ਅਤੇ ਔਰਤ ਨੂੰ ਕਮਜ਼ੋਰ ਸਮਝਿਆ ਜਾਣ ਲੱਗਾ। ਸ਼ਾਇਦ ਇਸ ਕਰਕੇ ਕਿ ਪੁਰਾਣੇ ਸਮੇਂ ਵਿੱਚ ਮਰਦ ਬਾਹਰ ਦੇ ਕੰਮ ਕਰਦੇ ਸਨ ਅਤੇ ਔਰਤਾਂ ਚੁੱਲ੍ਹਾ ਚੌਂਕਾ ਸੰਭਾਲਦੀਆਂ ਸਨ। ਭਾਵੇਂ ਅੱਜ ਅਸੀਂ 21ਵੀਂ ਸਦੀ ਵਿੱਚ ਵਿਚਰ ਰਹੇ ਹਾਂ, ਪਰ ਅੱਜ ਵੀ ਸਾਡੇ ਸਮਾਜ ਵਿੱਚ ਮਰਦ ਨੂੰ ਔਰਤ ਨਾਲੋਂ ਉੱਚਾ ਦਰਜਾ ਦਿੱਤਾ ਜਾਂਦਾ ਹੈ। ਉਹ ਚਾਹੁੰਦਾ ਹੈ ਕਿ ਜੋ ਉਹ ਚਾਹੇ ਜੋ ਕਹੇ ਉਸੇ ਤਰ੍ਹਾਂ ਹੀ ਹੋਵੇ। ਜਿੱਥੇ ਕਿਤੇ ਔਰਤ ਆਪਣੀ ਹੋਂਦ ਜਤਾਉਂਦੀ ਹੈ ਤਾਂ ਉਹ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਅਣਬਣ ਸ਼ੁਰੂ ਹੋ ਜਾਂਦੀ ਹੈ। ਇਸ ਦਾ ਮੂਲ ਕਾਰਨ ਉਹ ਖ਼ੁਦ ਨਹੀਂ ਸਾਡਾ ਪਰਿਵਾਰਕ ਅਤੇ ਸਮਾਜਿਕ ਢਾਂਚਾ ਜ਼ਿੰਮੇਵਾਰ ਹੈ। ਬੱਚਾ ਪਰਿਵਾਰ ਵਿੱਚੋਂ ਹੀ ਬਹੁਤ ਕੁਝ ਸਿੱਖਦਾ ਜਾਂ ਗ੍ਰਹਿਣ ਕਰਦਾ ਹੈ। ਜਿਸ ਪਰਿਵਾਰ ਵਿੱਚ ਮਰਦ ਮੈਂਬਰ ਔਰਤਾਂ ਨਾਲ ਬਦਸਲੂਕੀ ਕਰਨਗੇ, ਮੰਦਾ ਬੋਲਣਗੇ ਅਤੇ ਬਣਦਾ ਮਾਣ-ਸਤਿਕਾਰ ਨਹੀਂ ਦੇਣਗੇ, ਅਜਿਹੇ ਮਾਹੌਲ ਦਾ ਬੱਚੇ ਦੇ ਮਨ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ।

ਜਦੋਂ ਪਤੀ ਆਪਣੀ ਪਤਨੀ ਦੀ ਗੱਲ-ਗੱਲ 'ਤੇ ਬੇਇੱਜ਼ਤੀ ਕਰੇਗਾ ਜਾਂ ਗਾਲਾਂ ਕੱਢਣ ਵਿੱਚ ਆਪਣੀ ਮਰਦਾਨਗੀ ਸਮਝੇਗਾ ਤਾਂ ਬੱਚੇ ਦੇ ਮਨ ਵਿੱਚ ਵੀ ਔਰਤ ਦੀ ਇੱਜ਼ਤ ਨਾ ਕਰਨਾ ਹੀ ਮਰਦਾਨਗੀ ਦੀ ਪਰਿਭਾਸ਼ਾ ਹੋਵੇਗੀ। ਪਰਿਵਾਰ ਤੋਂ ਬਾਅਦ ਇਹੀ ਬੱਚਾ ਜਦੋਂ ਸਮਾਜ ਵਿੱਚ ਵਿਚਰੇਗਾ ਜੋ ਉਸ ਨੂੰ ਪਰਿਵਾਰ ਤੋਂ ਮਿਲਿਆ ਹੈ, ਉਹੀ ਸਮਾਜ ਨੂੰ ਦੇਵੇਗਾ। ਸਾਡੇ ਸਮਾਜ ਵਿੱਚ ਸਿਰਫ਼ ਮਾਂ ਅਤੇ ਭੈਣ ਦੇ ਰੂਪ ਵਿੱਚ ਤਾਂ ਇੱਜ਼ਤ ਕਰਨੀ ਸਿਖਾਈ ਜਾਂਦੀ ਹੈ, ਪਰ ਔਰਤ ਦੀ ਇੱਜ਼ਤ ਕਰਨੀ ਨਹੀਂ ਸਿਖਾਈ ਜਾਂਦੀ। ਵੈਸੇ ਇਹ ਸਿੱਖਣ ਸਿਖਾਉਣ ਦੀ ਪ੍ਰਕਿਰਿਆ ਨਹੀਂ, ਇਹ ਤਾਂ ਆਲੇ-ਦੁਆਲੇ ਦੇ ਮਾਹੌਲ ਤੋਂ ਗ੍ਰਹਿਣ ਕੀਤਾ ਜਾਂਦਾ ਹੈ। ਭਾਵੇਂ ਅੱਜ ਅਸੀਂ ਜਿੰਨਾ ਮਰਜ਼ੀ ਕਹਿ ਲਈਏ ਕਿ ਅਸੀਂ ਮੁੰਡੇ-ਕੁੜੀ ਵਿੱਚ ਕੋਈ ਭੇਦਭਾਵ ਨਹੀਂ ਕਰਦੇ, ਪਰ ਕਈ ਵਾਰ ਅਣਜਾਣੇ ਵਿੱਚ ਅਜਿਹੀਆਂ ਗੱਲਾਂ ਕਰ ਜਾਂਦੇ ਹਾਂ, ਭਾਵੇਂ ਹੁੰਦੀਆਂ ਉਹ ਬਹੁਤ ਛੋਟੀਆਂ ਹਨ, ਪਰ ਭਵਿੱਖ ਵਿੱਚ ਆਪਣਾ ਪ੍ਰਭਾਵ ਜ਼ਰੂਰ ਵਿਖਾਉਂਦੀਆਂ ਹਨ। ਭੇਦਭਾਵ ਦੀ ਗੱਲ ਕੇਵਲ ਉੱਥੇ ਹੀ ਨਹੀਂ ਹੁੰਦੀ ਜਿੱਥੇ ਮੁੰਡਾ ਕੁੜੀ ਹੋਣ। ਉੱਥੇ ਵੀ ਹੁੰਦੀ ਹੈ ਜਿਸ ਪਰਿਵਾਰ ਵਿੱਚ ਕੇਵਲ ਲੜਕੇ ਹੀ ਹੋਣ। ਜਿਵੇਂ ਕਿ ਘਰ ਦੇ ਕੰਮਕਾਰ ਵਿੱਚ ਹੱਥ ਵਟਾਉਣ ਦੀ ਹੀ ਗੱਲ ਹੈ। ਆਮ ਤੌਰ 'ਤੇ ਕਈ ਪਰਿਵਾਰਾਂ ਵਿੱਚ ਮੁੰਡਿਆਂ ਨੂੰ ਘਰ ਦੇ ਕੰਮਾਂ ਤੋਂ ਦੂਰ ਹੀ ਰੱਖਿਆ ਜਾਂਦਾ ਹੈ। ਮਾਪਿਆਂ ਦੇ ਮਨ ਵਿੱਚ ਇਹ ਵਿਚਾਰ ਹੁੰਦਾ ਹੈ ਕਿ ਇਹ ਕੰਮ ਮੁੰਡਿਆਂ ਨੂੰ ਨਹੀਂ ਸ਼ੋਭਦੇ ਜਾਂ ਅਜਿਹਾ ਕਰਨ ਨਾਲ ਉਸਦੇ ਮਰਦਾਨਵੀਂ ਸੁਭਾਅ ਵਿੱਚ ਤਬਦੀਲੀ ਆ ਜਾਵੇਗੀ। ਅੱਜ ਜਦੋਂ ਔਰਤ ਮਰਦ ਦੇ ਬਰਾਬਰ ਬਾਹਰ ਕੰਮ ਕਰ ਰਹੀ ਹੈ ਤਾਂ ਮਰਦ ਦਾ ਘਰ ਦੇ ਕੰਮਾਂ ਵਿੱਚ ਹੱਥ ਵਟਾਉਣ ਤੋਂ ਗੁਰੇਜ਼ ਕਿਉਂ? ਜੇਕਰ ਪਤੀ ਪਤਨੀ ਦੋਨੋਂ ਨੌਕਰੀ ਪੇਸ਼ਾ ਹਨ, ਜੇ ਘਰ ਦਾ ਕੰਮ ਦੋਨੋਂ ਰਲ ਮਿਲ ਕੇ ਕਰਦੇ ਹਨ ਤਾਂ ਇਸ ਵਿੱਚ ਕੀ ਹਰਜ਼ ਹੈ। ਜਿਸ ਪਰਿਵਾਰ ਵਿੱਚ ਪਿਤਾ ਆਪਣਾ ਕੰਮ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰੇਗਾ ਤਾਂ ਪੁੱਤਰ ਵੀ ਆਪਣਾ ਕੰਮ ਖ਼ੁਸ਼ੀ-ਖ਼ੁਸ਼ੀ ਕਰੇਗਾ ਜੋ ਕਿ ਬਾਅਦ ਵਿੱਚ ਉਸਦੀ ਆਦਤ ਬਣ ਜਾਂਦੀ ਹੈ। ਅਜਿਹੀ ਆਦਤ ਉਸਨੂੰ ਵਿਦੇਸ਼ਾਂ ਵਿੱਚ ਜੀਵਨ ਜਾਚ ਵਿੱਚ ਸਹਾਇਕ ਹੁੰਦੀ ਹੈ। ਸਾਂਝੇ ਪਰਿਵਾਰਾਂ ਵਿੱਚ ਕਈ ਵਾਰ ਪਤੀ ਚਾਹੁੰਦੇ ਹੋਏ ਵੀ ਪਤਨੀ ਦੀ ਕੰਮਕਾਰ ਵਿੱਚ ਮਦਦ ਕਰਨ ਤੋਂ ਸੰਕੋਚ ਕਰਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਉਸਨੂੰ 'ਜੋਰੂ ਦਾ ਗ਼ੁਲਾਮ' ਦੀ ਉਪਾਧੀ ਦਿੱਤੀ ਜਾਂਦੀ ਹੈ। ਕਈ ਪਰਿਵਾਰਾਂ ਵਿੱਚ ਬਚਪਨ ਦੌਰਾਨ ਮੁੰਡਿਆਂ ਨੂੰ ਗਾਲਾਂ ਕੱਢਣੀਆਂ ਸਿਖਾਈਆਂ ਜਾਂਦੀਆਂ ਹਨ। ਕੀ ਅਜਿਹਾ ਅਸੀਂ ਧੀਆਂ ਨੂੰ ਸਿਖਾਉਂਦੇ ਹਾਂ? ਪੁੱਤਾਂ ਨੂੰ ਵੀ ਬੋਲਣ, ਉੱਠਣ ਬੈਠਣ, ਪਹਿਨਣ, ਖਾਣ ਪੀਣ, ਨਿਮਰਤਾ, ਹਲੀਮੀ, ਚੱਜ ਵਿਹਾਰ ਉਵੇਂ ਹੀ ਸਿਖਾਉਣਾ ਚਾਹੀਦਾ ਹੈ ਜਿਵੇਂ ਅਸੀਂ ਧੀਆਂ ਨੂੰ ਮੱਤਾਂ ਦਿੰਦੇ ਹਾਂ। ਜੇਕਰ ਅਸੀਂ ਧੀਆਂ ਦਾ ਦੇਰ ਰਾਤ ਘਰ ਆਉਣਾ ਪਸੰਦ ਨਹੀਂ ਕਰਦੇ ਤਾਂ ਪੁੱਤਾਂ ਨੂੰ ਵੀ ਸਮੇਂ ਸਿਰ ਘਰ ਆਉਣ ਦੀ ਤਾਕੀਦ ਕਰਨੀ ਚਾਹੀਦੀ ਹੈ। ਆਮ ਤੌਰ 'ਤੇ ਧੀਆਂ ਲਈ ਦਲੀਲ ਦਿੱਤੀ ਜਾਂਦੀ ਹੈ ਕਿ ਜ਼ਮਾਨਾ ਖ਼ਰਾਬ ਹੈ। ਜ਼ਮਾਨਾ ਖ਼ਰਾਬ ਕਿਸ ਨੇ ਕੀਤਾ ਹੈ। ਅੱਜ ਮਨੁੱਖ ਨੂੰ ਹੀ ਮਨੁੱਖ ਤੋਂ ਭੈਅ ਹੈ ਨਾ ਕਿ ਜੰਗਲੀ ਜਾਨਵਰਾਂ ਤੋਂ। ਭਰੂਣ ਹੱਤਿਆ, ਬਲਾਤਕਾਰ ਵਰਗੇ ਕੁਕਰਮਾਂ ਤੋਂ ਨਿਜਾਤ ਪਾਉਣ ਲਈ ਅੱਜ ਸਾਨੂੰ ਧੀਆਂ ਦੇ ਨਾਲ ਨਾਲ ਪੁੱਤਾਂ ਦੀ ਪਰਵਰਿਸ਼ ਵੱਲ ਵੀ ਧਿਆਨ ਦੇਣਾ ਪਵੇਗਾ। ਆਮ ਤੌਰ 'ਤੇ ਮਰਦਾਂ ਦੇ ਮੂੰਹੋਂ ਇਹ ਸ਼ਬਦ ਆਮ ਹੀ ਸੁਣੇ ਜਾਂਦੇ ਹਨ ਕਿ ਔਰਤਾਂ ਨੂੰ ਅਕਲ ਘੱਟ ਹੁੰਦੀ ਹੈ ਜਾਂ ਕਈ ਕੁਝ ਹੋਰ ਵੀ। ਜਦੋਂ ਕਿ ਔਰਤਾਂ ਕਿਸੇ ਪੱਖੋਂ ਵੀ ਪੱਛੜੀਆਂ ਨਹੀਂ ਹੁੰਦੀਆਂ, ਕੇਵਲ ਮੌਕਿਆਂ ਦੀ ਘਾਟ ਹੁੰਦੀ ਹੈ ਜਾਂ ਸਾਡਾ ਸਮਾਜਿਕ ਢਾਂਚਾ ਇਸ ਲਈ ਜ਼ਿੰਮੇਵਾਰ ਹੁੰਦਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀਆਂ ਧੀਆਂ ਹੱਸਣ ਖੇਡਣ ਅਤੇ ਆਪਣੀ ਸੁਤੰਤਰ ਹੋਂਦ ਨਾਲ ਆਪਣਾ ਜੀਵਨ ਜਿਊਣਾ ਹੈ ਤਾਂ ਸਾਨੂੰ ਪੁੱਤਾਂ ਨੂੰ ਸੁਹਜ ਸਲੀਕਾ ਸਿਖਾਉਣਾ ਪਵੇਗਾ। ਪੁੱਤਾਂ ਦੀ ਸ਼ਖ਼ਸੀਅਤ ਅਜਿਹੀ ਬਣਾਓ ਕਿ ਉਹ ਔਰਤ ਦੀ ਹੋਂਦ ਦਾ ਸਤਿਕਾਰ ਕਰਨ, ਉਸਨੂੰ ਨੀਵਾਂ ਨਾ ਸਮਝ ਕੇ ਬਰਾਬਰ ਦਾ ਸਮਝਣ। ਜੇਕਰ ਅਸੀਂ ਚਾਹੁੰਦੇ ਹਾਂ ਕਿ ਧੀਆਂ ਆਜ਼ਾਦੀ ਨਾਲ ਘੁੰਮ ਫਿਰ ਸਕਣ ਤਾਂ ਪੁੱਤਾਂ ਦੀ ਸੋਚ ਵਿੱਚ ਬਦਲਾਅ ਲਿਆਉਣਾ ਪਵੇਗਾ।

ਥੋੜ੍ਹਾ-ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ ...

ਹੱਸਣਾ ਇੱਕ ਯੋਗਿਕ ਕਿਰਿਆ ਹੈ। ਆਮ ਕਰਕੇ ਯੋਗਸਲਾਵਾਂ ਵਿੱਚ ਹੋਰ ਸਰੀਰਕ ਕਿਰਿਆਵਾਂ ਕਰਨ ਦੇ ਨਾਲ ਨਾਲ ਉੱਚੀ ਉੱਚੀ ਹੱਸਣ ਦੀ ਕਿਰਿਆ ਵੀ ਕੀਤੀ ਜਾਂਦੀ ਹੈ ਕਿਉਂਕਿ ਹੱਸਣ ਕਾਰਨ ਫੇਫੜਿਆਂ ਦਾ ਸੰਕੁਚਨ ਅਤੇ ਵਿਸਤਾਰ ਆਮ ਨਾਲੋਂ ਤੇਜ ਅਤੇ ਜ਼ਿਆਦਾ ਹੁੰਦਾ ਹੈ। ਇਸ ਨਾਲ ਸਾਨੂੰ ਜ਼ਿਆਦਾ ਆਕਸੀਜਨ ਮਿਲਦੀ ਹੈ ਅਤੇ ਮੈਟਾਬੋਲਿਜਮ 'ਚ ਸੁਧਾਰ ਹੁੰਦਾ ਹੈ। ਸਰੀਰ ਵਿੱਚ ਜ਼ਿਆਦਾਤਰ ਬਿਮਾਰੀਆਂ ਮੈਟਾਬੋਲਿਜਮ ਦੀ ਗੜਬੜੀ ਕਾਰਨ ਹੁੰਦੀਆਂ ਹਨ ਇਕੱਤਰਤ ਜਾਣਕਾਰੀ ਅਨੁਸਾਰ ਰੋਜਾਨਾ ਦਸ ਤੋਂ ਪੰਦਰਾਂ ਮਿੰਟ ਹੱਸਣ ਨਾਲ ਲਗਭਗ ਚਾਲੀ ਕੈਲੋਰੀ ਬਰਨ ਹੁੰਦੀ ਹੈ ਪਰ ਅੱਜ ਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਲਗਭਗ 65 ਤੋਂ 70 ਫੀਸਦੀ ਤੱਕ ਲੋਕਾਂ ਦੇ ਕੋਲ ਹੱਸਣ ਤੱਕ ਦਾ ਸਮਾਂ ਨਹੀਂ ਹੈ .ਸਾਇਦ ਇਸੇ ਲਈ ਹੀ ਅੱਜ ਦੇ ਮਨੁੱਖ ਨੂੰ ਸੁਗਰ, ਦਿਲ ਦਾ ਦੌਰਾ, ਬਲੱਡ ਪ੍ਰੈਸਰ ਤੇ ਹੋਰ ਕਈ ਬਿਮਾਰੀਆਂ ਨੇ ਘੇਰਾ ਪਾਇਆ ਹੋਇਆ ਹੈ. ਡਾਕਟਰਾਂ ਦਾ ਮੰਨਣਾ ਹੈ ਕਿ ਜੇਕਰ ਹਰ ਦਿਨ ਸਵੇਰੇ ਸਵੇਰੇ ਖੁੱਲ੍ਹ ਕੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ .

ਜੇ ਆਪਾਂ ਵਿਸਵ ਹਾਸ ਦਿਵਸ ਦੀ ਗੱਲ ਕਰੀਏ ਤਾਂ ਇਹ ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਹੈ .ਉਂਝ ਵਿਸਵ ਹਾਸ ਦਿਵਸ ਦੀ ਸੁਰੂਆਤ 11 ਜਨਵਰੀ 1998 ਨੂੰ ਮੁੰਬਈ ਤੋਂ ਹੋਈ ਸੀ ਤੇ ਇਸ ਵਿੱਚ ਅਹਿਮ ਯੋਗਦਾਨ ਡਾ.ਮਦਨ ਕਟਾਰੀਆ ਦਾ ਸੀ ਜਿਹਨਾਂ ਨੇ ਲਾਫਟਰ ਯੋਗਾ ਮੂਵਮੈਂਟ ਸੁਰੂ ਕੀਤੀ .ਦੁਨੀਆ ਵਿੱਚ ਲਗਭਗ ਅੱਠ ਹਜਾਰ ਲਾਫਟਰ ਕਲੱਬ ਹਨ ਅਤੇ ਭਾਰਤ ਵਿੱਚ ਉਨ੍ਹਾਂ ਦੀ ਗਿਣਤੀ 600 ਹੈ .

ਡਾਕਟਰ ਖੋਜਕਾਰਾਂ ਅਨੁਸਾਰ ਹੱਸਣ ਨਾਲ ਮਨੁੱਖ ਦਾ ਇਮਿਊਨਿਟੀ ਸਿਸਟਮ ਤੇਜ ਹੁੰਦਾ ਹੈ .ਜਿਸ ਨਾਲ ਕੁਦਰਤੀ ਕਿਲਰ ਸੈੱਲਾਂ ਵਿੱਚ ਵਾਧਾ ਹੁੰਦਾ ਹੈ, ਜੋ ਵਿਰਾਸਤ ਵਿੱਚ ਮਿਲੇ ਰੋਗਾਂ ਅਤੇ ਟਿਊਮਰਸ ਸੈੱਲ ਨੂੰ ਖਤਮ ਕਰਦੇ ਹਨ .ਹਾਸਾ ਦਿਲ ਦੀ ਸਰਵਉੱਤਮ ਕਸਰਤ ਹੈ ਜਿਸ ਨਾਲ ਟੀ ਸੈੱਲਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ .ਹਾਸਾ ਨਾ ਸਿਰਫ ਉਨ੍ਹਾਂ ਸੈੱਲਾਂ ਨੂੰ ਵਧਾਉਂਦਾ ਹੈ ਜੋ ਸਮਰੱਥਾ ਵਧਾਉਂਦੇ ਹਨ, ਸਗੋਂ ਟੀ ਸੈੱਲਾਂ ਦੀ ਗਤੀਵਿਧੀ ਨੂੰ ਵੀ ਵਧਾਉਂਦੇ ਹਨ ਜੋ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦੇ ਹਨ। ਹੱਸਣ ਨਾਲ ਖੂਨ ਦਾ ਪ੍ਰਵਾਹ ਵਧਦਾ ਹੈ ਅਤੇ ਮਾਸਪੇਸ਼ੀਆਂ ਮਜਬੂਤ ਹੁੰਦੀਆਂ ਹਨ। ਹੱਸਣ ਨਾਲ ਸਾਹ ਨਲੀ ਵਿੱਚ ਹੋਣ ਵਾਲੇ ਇੰਫੈਕਸ਼ਨ ਤੋਂ ਬਚਾਅ ਹੁੰਦਾ ਹੈ .ਹੱਸਣ ਨਾਲ ਤਣਾਓ ਨੂੰ ਜਨਮ ਦੇਣ ਵਾਲੇ ਹਾਰਮੋਨਜ ਦਾ ਪੱਧਰ ਘਟਦਾ ਹੈ . ਪਾਚਨ ਤੰਤਰ ਸਹੀ ਰੱਖਣ, ਵਜਨ ਘਟਾਉਣ ਅਤੇ ਚਰਬੀ ਘੱਟ ਕਰਨ ਵਿੱਚ ਵੀ ਹਾਸਾ ਅਹਿਮ ਭੂਮਿਕਾ ਨਿਭਾਉਂਦਾ ਹੈ .ਜੋਰ ਜੋਰ ਦੀ ਹੱਸਣ ਨਾਲ ਮਨੁੱਖ ਦੇ ਸਰੀਰ ਵਿੱਚ ਇੱਕ ਤਰੰਗ ਜਿਹੀ ਦੌੜ ਜਾਂਦੀ ਹੈ ਜਿਸ ਵਿੱਚ ਇੰਡੋਰੋਫਿਨ ਹਾਰਮੋਨ ਵੀ ਹੁੰਦਾ ਹੈ ਜੋ ਕੁਦਰਤੀ ਰੂਪ ਨਾਲ ਸਾਡੇ ਸਰੀਰ ਦਾ ਦਰਦ ਨਿਵਾਰਕ ਹੈ ਸਾਰਾ ਦਿਨ ਮੱਥੇ ਉੱਤੇ ਸ਼ਿਕਨ, ਦਿਮਾਗ ਵਿੱਚ ਸਕੀਮਾਂ ਅਤੇ ਦਿਲ ਵਿੱਚ ਅੱਗੇ ਨਿਕਲਣ ਦੀ ਹੋੜ ਨਾਲ ਜੂਝਦੇ ਵਿਅਕਤੀ ਜਦੋਂ ਸਾਮ ਨੂੰ ਘਰ ਜਾਂਦੇ ਹਨ ਤਾਂ ਉਦੋਂ ਬੀਵੀ, ਬੱਚਿਆਂ ਨਾਲ ਸਮਾਂ ਬਿਤਾਉਣਾ ਤਾਂ ਇੱਕ ਪਾਸੇ, ਸਗੋਂ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਅੱਜ ਮੈਂ ਬਹੁਤ ਥੱਕ ਗਿਆ ਹਾਂ, ਮੈਂ ਪਰੇਸਾਨ ਹਾਂ, ਮੈਨੂੰ ਇਕੱਲਾ ਛੱਡ ਦਿਉ .ਉਹ ਇਹ ਭੁੱਲ ਜਾਂਦੇ ਹਨ ਕਿ ਵੱਡੀ ਤੋਂ ਵੱਡੀ ਥਕਾਨ ਤੇ ਪਰੇਸਾਨੀ ਪਰਿਵਾਰ ਨਾਲ ਹੱਸ-ਖੇਡ ਕੇ ਪਲਾਂ ਵਿੱਚ ਛੂ-ਮੰਤਰ ਹੋ ਜਾਂਦੀ ਹੈ .ਕਹਿੰਦੇ ਹਨ ਕਿ ਦੁੱਖ ਵੰਡਣ ਨਾਲ ਘਟਦਾ ਹੈ ਤੇ ਹਾਸੇ ਵੰਡਣ ਨਾਲ ਦੁੱਗਣੇ ਹੁੰਦੇ ਹਨ . ਡਾਕਟਰਾਂ ਅਨੁਸਾਰ ਹਾਸਾ ਵੱਖ-ਵੱਖ ਰੋਗਾਂ ਦੀ ਦਵਾਈ ਹੈ . ਇਹ ਇੱਕ ਇਸ ਤਰ੍ਹਾਂ ਦੀ ਦਵਾਈ ਹੈ ਜਿਸ ਦਾ ਸਾਡੇ ਸਰੀਰ ਉੱਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ .ਹਾਸਾ ਸਿਹਤ ਲਈ ਫਾਇਦੇਮੰਦ ਹੈ। ਹਾਸਾ ਡਿਪਰੈਸਨ ਲਈ ਟੌਨਿਕ ਦਾ ਕੰਮ ਕਰਦਾ ਹੈ। ਹਾਸਾ ਸਰੀਰ ਵਿੱਚ ਮੈਲਾਟੋਨਿਨ ਹਾਰਮੋਨ ਪੈਦਾ ਕਰਦਾ ਹੈ। ਇਹ ਰਾਤ ਨੂੰ ਆਰਾਮਦਾਇਕ ਨੀਂਦ ਲੈਣ ਵਿਚ ਮਦਦ ਕਰਦਾ ਹੈ।ਦਰਦ ਤੋਂ ਰਾਹਤ-ਹੱਸਣ ਨਾਲ ਐਂਡੋਰਫਿਨ ਨਾਂ ਦਾ ਹਾਰਮੋਨ ਨਿਕਲਦਾ ਹੈ। ਇਹ ਸਰੀਰ ਤੋਂ ਤਣਾਅ ਨੂੰ ਦੂਰ ਕਰਨ ਵਿੱਚ ਕਾਫੀ ਹੱਦ ਤੱਕ ਮਦਦ ਕਰਦਾ ਹੈ। ਤਣਾਅ ਮੁਕਤ ਰਹਿਣ ਲਈ ਹਾਸੇ ਤੋਂ ਵੱਡੀ ਕੋਈ ਦਵਾਈ ਨਹੀਂ ਹੈ ਜੋ ਲੋਕ ਹੱਸਦੇ ਹਨ, ਉਹੀ ਖੁਸ ਹੁੰਦੇ ਹਨ,ਉਹ ਸਮਾਜ ਵਿੱਚ ਖੁੱਲ੍ਹ ਕੇ ਵਿਚਰਦੇ ਹਨ। ਮੈਨੂੰ ਗਾਇਕ ਗੁਰਦਾਸ ਮਾਨ ਸਾਹਿਬ ਦੇ ਗੀਤ ਦੇ ਬੋਲ ਯਾਦ ਆਉਂਦੇ ਹਨ,“ ਥੋੜ੍ਹਾ ਥੋੜ੍ਹਾ ਹੱਸਣਾ ਜਰੂਰ ਚਾਹੀਦਾ...“ , ਗੱਲ ਵੀ ਸੱਚੀ ਹੈ ਕਿਉਂ ਕਿ ਤੰਦਰੁਸਤ ਸਰੀਰ ਅਤੇ ਤਣਾਓ ਮੁਕਤ ਜੀਵਨ ਲਈ ਹੱਸਣਾ ਅਤਿਅੰਤ ਜਰੂਰੀ ਹੈ।

ਬਰਜਿੰਦਰ ਕੌਰ ਬਿਸਰਾਓ...
9988901324

ਗੁਰੂ ਗ੍ਰੰਥ ਅਤੇ ਪੰਥ ਨੂੰ ਸਮਰਪਤ ਸਖਸ਼ੀਅਤ ਸਨ ਪ੍ਰਿੰ. ਸੁਰਿੰਦਰ ਸਿੰਘ

ਇਕਵਾਕ ਸਿੰਘ ਪੱਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਤੇ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੇ ਸੰਸਥਾਪਕ, ਸਿੱਖ ਕੌਮ ਦੇ ਮਹਾਨ ਵਿਦਵਾਨ ਅਤੇ ਨਿਸ਼ਕਾਮ ਪ੍ਰਚਾਰਕ ਪ੍ਰਿੰ. ਸੁਰਿੰਦਰ ਸਿੰਘ ਜੀ ਦਾ ਜਨਮ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਸ. ਅਜੀਤ ਸਿੰਘ ਦੇ ਗ੍ਰਹਿ ਵਿਖੇ ਮਿਤੀ 15 ਮਈ 1956 ਨੂੰ ਹੋਇਆ ਸੀ। ਗੁਰਮਤਿ ਦੀ ਗੁੜ੍ਹਤੀ ਆਪਣੇ ਨਾਨਕੇ-ਦਾਦਕੇ ਪਰਿਵਾਰ ਵਿੱਚੋਂ ਹੀ ਪ੍ਰਾਪਤ ਹੋਈ। ਅਰੰਭਿਕ ਸਕੂਲੀ ਸਿੱਖਿਆ ਆਪ ਜੀ ਨੇ ਐੱਸ.ਜੀ.ਐੱਸ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਗ੍ਰੈਜੁਏਸ਼ਨ ਦੀ ਡਿਗਰੀ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਤੋਂ ਪ੍ਰਾਪਤ ਕੀਤੀ। ਸਿੱਖ ਮਿਸ਼ਨਰੀ ਕਾਲਜ (ਰਜਿ:) ਲੁਧਿਆਣਾ ਤੋਂ ਆਪ ਜੀ ਨੇ ਦੋ-ਸਾਲਾ ਪੱਤਰ ਵਿਹਾਰ ਕੋਰਸ ਪਹਿਲੇ ਦਰਜੇ ਵਿੱਚ ਰਹਿ ਕੇ ਪੂਰਾ ਕੀਤਾ। ਮਹਿਜ਼ ਸੋਲ੍ਹਾਂ ਵਰ੍ਹਿਆਂ ਦੀ ਉਮਰ ਵਿੱਚ ਹੀ ਆਪ ਨੇ ਕੁਝ ਸਾਥੀਆਂ ਨਾਲ ਮਿਲ ਕੇ 'ਦਸ਼ਮੇਸ਼ ਸੇਵਕ ਜੱਥਾ' ਨਾਮੀਂ ਸੰਸਥਾ ਬਣਾ ਕੇ, ਧਰਮ ਪ੍ਰਚਾਰ ਦੀ ਡਿਊਟੀ ਸੰਭਾਲ ਲਈ ਸੀ। ਸਾਲ 1973 ਤੋਂ ਸਿੱਖ ਵਿਦਵਾਨ ਪ੍ਰਿੰ. ਹਰਭਜਨ ਸਿੰਘ, ਸ. ਮਹਿੰਦਰ ਸਿੰਘ ਜੋਸ਼ ਅਤੇ ਹੋਰ ਬੁੱਧੀਜੀਵੀਆਂ ਦਾ ਆਪ ਜੀ ਦੇ ਜੀਵਨ ਤੇ ਖਾਸਾ ਪ੍ਰਭਾਵ ਪਿਆ ਅਤੇ ਆਪ ਜੀ ਨੇ ਮਨੁੱਖਤਾ ਨੂੰ ਕਰਮਕਾਂਡਾਂ, ਅੰਧਵਿਸ਼ਵਾਸ਼ਾਂ, ਜਾਦੂ-ਟੂਣਿਆਂ, ਵਹਿਮਾਂ-ਭਰਮਾਂ, ਧਰਮ ਦੇ ਨਾਂ ਤੇ ਕੀਤੇ ਜਾ ਰਹੇ ਅਡੰਬਰਾਂ ਵਿਰੁੱਧ ਜਾਗਰੂਕ ਕਰਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਆਪਣੇ ਜੀਵਨ ਦਾ ਮਕਸਦ ਬਣਾ ਲਿਆ। ਆਪ ਜੀ ਨੇ ਗੁਰਮਤਿ ਦੇ ਜਿਹੜੇ ਸਿਧਾਂਤਾਂ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਜੀਵਨ ਲਗਾਇਆ, ਉਹਨਾਂ ਨੂੰ ਆਪਣੇ ਜੀਵਨ ਅਤੇ ਆਪਣੇ ਪਰਿਵਾਰ ਪੁਰ ਲਾਗੂ ਵੀ ਕੀਤਾ।

ਇੱਕ ਸਫਲ ਬੁਲਾਰੇ ਵੱਜੋਂ ਆਪ ਜੀ ਨੇ ਵਿਸ਼ੇਸ਼ ਪਹਿਚਾਣ ਬਣਾਈ। ਧਰਮ ਪ੍ਰਚਾਰ ਖੇਤਰ ਦੀ ਗੱਲ ਕਰੀਏ ਜਾਂ ਉਨ੍ਹਾਂ ਦੇ ਅਧਿਆਪਨ ਦੇ ਖਿੱਤੇ ਦੀ ਹਰ ਖੇਤਰ ਵਿੱਚ ਉਨ੍ਹਾਂ ਨੇ ਸਫਲਤਾ ਦੇ ਝੰਡੇ ਗੱਡੇ ਹਨ। ਬਤੌਰ ਪ੍ਰਬੰਧਕ ਆਪ ਜੀ ਕੁਸ਼ਲਤਾ ਅੱਗੇ ਟਿੱਕ ਪਉਣਾ ਬਹੁਤ ਮੁਸ਼ਕਲ ਹੈ। ਅਕਾਲ ਗੁਰਮਤਿ ਸੰਗੀਤ ਅਕੈਡਮੀ ਅਤੇ ਨੇਤਰਹੀਣ ਸੰਗੀਤ ਵਿਦਿਆਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਜੀ ਨੇ ਪੰਜ ਸਾਲ ਬਤੌਰ ਪ੍ਰਿੰਸੀਪਲ ਸੇਵਾਵਾਂ ਦਿੱਤੀਆਂ। 26 ਅਪਰੈਲ 1995 ਵਿੱਚ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਬਤੌਰ ਪ੍ਰਿੰਸੀਪਲ ਆਪਣੀਆਂ ਸੇਵਾਵਾਂ ਦੇ ਰਹੇ ਹਨ। ਕੇਵਲ ਧਾਰਮਿਕ ਖੇਤਰ ਵਿੱਚ ਹੀ ਨਹੀਂ, ਸਮਾਜਕ ਖੇਤਰ ਵਿੱਚ ਵੀ ਆਪ ਜੀ ਭਰਪੂਰ ਯੋਗਦਾਨ ਰਿਹਾ। ਇਹੀ ਕਾਰਣ ਸੀ ਕਿ ਚੋਣਾਂ ਭਾਵੇਂ ਕੌਂਸਲਰ (ਸਾਲ 1992) ਦੀਆਂ ਸਨ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਦੀਆਂ (ਸਾਲ 2011) ਆਪ ਨੇ ਰਿਕਾਰਡ ਤੋੜ ਜਿੱਤਾਂ ਦਰਜ ਕੀਤੀਆਂ। ਸਾਲ 2011 ਵਿੱਚ ਆਪ ਸਿੱਖ ਪੰਥ ਦੀ ਸਿਰਮੌਰ ਸੰਸਥਾ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਦੀਆਂ ਚੋਣਾਂ ਵਿੱਚ 22599 ਵੋਟਾਂ ਪ੍ਰਾਪਤ ਕਰ ਬਤੌਰ ਮੈਂਬਰ ਚੁਣੇ ਗਏ ਸਨ।29 ਨਵੰਬਰ 2021 ਵਿੱਚ ਆਪ ਜੀ ਦੀ ਪੰਥਕ ਸੇਵਾਵਾਂ ਦੇ ਮੱਦੇਨਜ਼ਰ ਸਰਬਸੰਮਤੀ ਨਾਲ ਬਤੌਰ ਜੂਨੀਅਰ ਮੀਤ ਪ੍ਰਧਾਨ ਚੁਣੇ ਗਏ ਸਨ।

8 ਜੁਲਾਈ 1987 ਨੂੰ ਆਪ ਜੀ ਦਾ ਅਨੰਦ ਕਾਰਜ ਬੀਬੀ ਭੁਪਿੰਦਰ ਕੌਰ ਸਪੁੱਤਰੀ ਸ. ਅਮਰ ਸਿੰਘ ਨਾਲ ਗੁਰਮਤਿ ਮਰਯਾਦਾ ਅਨੁਸਾਰ ਹੋਇਆ। ਆਪ ਜੀ ਦੇ ਘਰ ਇੱਕ ਸਪੁੱਤਰ ਸ. ਅਮਨਦੀਪ ਸਿੰਘ (1988) ਅਤੇ ਇੱਕ ਸਪੁੱਤਰੀ ਇੰਦਰਪ੍ਰੀਤ ਕੌਰ (1990) ਨੇ ਜਨਮ ਲਿਆ। ਧਰਮ ਯੁੱਧ ਮੋਰਚੇ ਵਿੱਚ ਆਪ ਨੂੰ ਜੇਲ੍ਹ ਵੀ ਕੱਟਣੀ ਪਈ, ਜਿਸ ਕਾਰਣ ਆਪ ਜੀ ਦੀ ਪੜ੍ਹਾਈ ਵਿੱਚ ਵਿਘਨ ਪਿਆ। ਬਤੌਰ ਲੇਖਕ ਆਪ ਜੀ ਦੀਆਂ ਰਚਨਾਵਾਂ ਵੱਖ-ਵੱਖ ਪੰਜਾਬੀ ਅਖ਼ਬਾਰਾਂ ਅਤੇ ਗੁਰਮਤਿ ਪ੍ਰਕਾਸ਼ ਵਿੱਚ ਛੱਪਦੀਆਂ ਰਹੀਆਂ ਹਨ। ਆਪਣੀ ਮੌਤ ਤੋਂ ਪਹਿਲਾਂ ਹੀ 1 ਜੁਲਾਈ 2019 ਵਿੱਚ ਆਪ ਜੀ ਵੱਲੋਂ ਵਿਲੱਖਣ ਕਿਸਮ ਦੀ ਧਾਰਮਿਕ ਵਸੀਅਤ ਜਾਰੀ ਕੀਤੀ ਗਈ ਸੀ, ਜਿਸ ਅਨੁਸਾਰ ਉਹਨਾਂ ਦੀ ਮੰਗ ਸੀ ਕਿ ਉਹਨਾਂ ਦੀ ਮੌਤ ਤੋਂ ਬਾਅਦ ਇੱਕ ਕਾਰਜ ਵੀ ਅਜਿਹਾ ਨਾ ਕੀਤਾ ਜਾਵੇ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਸਿੱਖ ਰਹਿਤ ਮਰਯਾਦਾ ਤੋਂ ਉੱਲਟ ਹੋਵੇ। ਇਹੀ ਕਾਰਨ ਹੈ ਕਿ ਮਿਤੀ 14 ਜੂਨ 2022 ਨੂੰ ਉਹਨਾਂ ਦੇ ਦੇਹਾਂਤ ਤੋਂ ਬਾਅਦ ਉਹਨਾਂ ਦੀ ਲਿਖੀ ਵਸੀਅਤ ਅਨੁਸਾਰ ਹੀ ਸਾਰੇ ਅੰਤਿਮ ਕਾਰਜ ਪਰਵਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਜ਼ਿੰਦਗੀ ਵਿੱਚਲੇ ਉਤਰਾਅ-ਚੜ੍ਹਾਅ, ਸਰੀਰਿਕ ਸਮੱਸਿਆਵਾਂ ਅਤੇ ਗੰਭੀਰ ਸਰੀਰਿਕ ਰੋਗਾਂ ਦੇ ਬਾਵਜੂਦ ਆਪ ਜੀ ਹਮੇਸ਼ਾਂ ਪੰਥ ਅਤੇ ਪੰਥ ਦੀ ਭਲਾਈ ਦੇ ਕਾਰਜਾਂ ਲਈ ਕਿਵੇਂ ਚੜ੍ਹਦੀ ਕਲਾ ਵਿੱਚ ਰਹਿੰਦੇ ਹੋਏ ਯਤਨਸ਼ੀਲ ਰਿਹਾ ਜਾ ਸਕਦਾ ਹੈ, ਸਾਡੇ ਸਾਰਿਆਂ ਲਈ ਪ੍ਰੇਰਣਾ ਸ੍ਰੋਤ ਰਹੇਗਾ। ਆਪ ਜੀ ਨੇ ਹਰ ਦੁੱਖ-ਸੁੱਖ ਦੌਰਾਨ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਅਤੇ ਮਿਸਾਲੀ ਜੀਵਨ ਜੀਵਿਆ ਹੈ। ਆਪਣੇ ਵਿਦਿਆਰਥੀਆਂ ਲਈ ਆਪ ਹਮੇਸ਼ਾਂ ਹੀ ਰੋਲ ਮਾਡਲ ਬਣੇ ਰਹੇ ਹਨ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਆਪ ਜਿਹਾ ਉਸਤਾਦ ਮੈਨੂੰ ਨਸੀਬ ਹੋਇਆ ਸੀ। ਮਿਤੀ 6 ਜੁਲਾਈ 2022 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵਿਸ਼ੇਸ਼ ਇਕੱਤਰਤਾ ਵਿੱਚ ਇਸ ਮਹਾਨ ਨਿਸ਼ਕਾਮ ਪ੍ਰਚਾਰਕ ਪ੍ਰਿੰ. ਸੁਰਿੰਦਰ ਸਿੰਘ ਜੀ ਦੀ ਯਾਦ ਨੂੰ ਹਮੇਸ਼ਾ ਕਾਇਮ ਰੱਖਣ ਲਈ ਉਹਨਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਏ ਜਾਣ ਦਾ ਫ਼ੈਸਲਾ ਕੀਤਾ ਗਿਆ ਸੀ, ਉਮੀਦ ਹੈ ਕਿ ਸ਼੍ਰੋਮਣੀ ਕਮੇਟੀ ਆਪਣੇ ਫ਼ੈਸਲੇ 'ਤੇ ਫੌਰੀ ਕਾਰਵਾਈ ਕਰੇਗੀ।

(ਮਿੰਨੀ ਕਹਾਣੀ) ਵਿਅੰਗ, ਬਾਬਾ ਜਿਉਣਾ

“ਆ, ਪਾ ਦੇ ਭੈਣਾਂ ਚਾਹ ਤੇਰਾ ਭੋਲੂ ਜੀਂਦਾ ਰਹੇ, ਘੁੱਟ ਚਾਹ ਨਾਲ ਤੈਨੂੰ ਕੀ ਫਰਕ ਪੈਣ ਲੱਗਿਆ“।

ਸੁਵ੍ਹਾ ਸਵੇਰੇ ਇੱਕ ਮੰਗਤੀ ਬਾਬੇ ਜਿਊਣੇ ਦੇ ਬਾਰ ਚ' ਖੜੀ ਅਸੀਸਾਂ ਦੀਆਂ ਪੰਡਾਂ ਖੋਲ ਰਹੀ ਸੀ, ਇੱਕ ਹੱਥ ਚ' ਡੋਲੂ ਤੇ ਦੂਜੇ ਹੱਥ ਚ' ਸੋਟੀ ਫੜੀ, ਇੱਕੋ ਸਾਹ ਲੱਗੀ ਪਈ ਸੀ। ਇਸ ਤੋਂ ਪਹਿਲਾਂ ਵੀ ਬਾਬੇ ਜਿਊਣੇ ਦੇ ਬਾਰ ਚ' ਇੱਕ ਦੋ ਮੰਗਣ ਵਾਲੇ ਅਸੀਸਾਂ ਦੇ ਢੇਰ ਲਾ ਕੇ ਗਏ ਸਨ, ਜਿਉਣਾ ਅੱਕਿਆ ਪਿਆ ਸੀ ਤੜਕੇ ਤੜਕੇ, ਇੱਕ ਤਾਂ ਬੁਢੇਪਾ ਪੈਨਸਨ ਨਹੀਂ ਸੀ ਆਈ, ਦੂਜਾ ਰਾਤ ਆਪਣੀ ਘਰ ਵਾਲੀ (ਬੇਬੇ ਜਿਉਣੀ)ਨਾਲ ਲੜ ਕੇ ਹੱਟਿਆ ਸੀ। ਨੂੰਹ ਪੁੱਤ ਅੱਡ ਵਿੱਢ, ਦੋਵੇਂ ਜੀ ਪੈਨਸਨ ਨਾਲ ਗੁਜਾਰਾ ਕਰਦੇ ਜਾਂ ਪਿੰਡ ਚ' ਮਾੜਾ ਮੋਟਾ ਸਰਦਾਰਾਂ ਦੇ ਘਰੇ ਕੰਮ ਕਰਕੇ ਦੁੱਧ ਲੱਸੀ ਲੈ ਆਉਂਦੇ। ਜਿਊਣੇ ਨੇ ਬਾਰ ਖੋਲਿਆ, “ਹਾਂ ਕੀ ਗੱਲ ਆ , ਥੋਨੂੰ ਕਿੰਨਿਆਂ ਕ' ਨੂੰ ਚਾਹ ਪਾਈ ਜਾਈਏ, ਇੱਥੇ ਲੰਗਰ ਲੱਗਿਆਂ,“ ਅੱਗੋਂ ਮੰਗਤੀ ਕਹਿਣ ਲੱਗੀ। ਕਰਮਾਂ ਵਾਲਿਆਂ ਤੇਰਾ ਭਲਾ ਹੋਊ, ਪਾ ਖਾਂ ਘੁੱਟ ਚਾਹ ,“ ਮੰਗਤੀ ਨੇ ਕੰਧ ਚ' ਸੋਟੀ ਮਾਰਦੀ ਹੋਈ ਨੇ ਅਗਾਂਹ ਨੂੰ ਤਾਂਘ ਕੇ ਕਿਹਾ, ਜਿਉਣਾ ਬੋਲਿਆ “ਜਾਹ ਜਾਹ ਇੱਥੋਂ, ਅਸੀਂ ਬੁੱਢੇ ਠੇਰੇ ਕੰਮ ਕਰਦੇ ਆ, ਕਦੇ ਮੰਗਦੇ ਨੀਂ ਕਿਸੇ ਕੋਲੋਂ, ਤੂੰ ਨੌਜਵਾਨ ਹੋ ਕੇ ਮੰਗਣ ਤੁਰ ਪਈ,“ ਹੈਂ? ਮੰਗਤੀ ਕਹਿਣ ਲੱਗੀ “ਬਾਬਾ ਮੰਗਣਾ ਕਿਹੜਾ ਸੌਖਾ ਕੰਮ ਆ, ਤੂੰ ਇੱਕ ਵਾਰੀ ਮੰਗ ਕੇ ਤਾਂ ਵੇਖ, ਪਹਿਲਾਂ ਆਪਣੇ ਆਪ ਨੂੰ ਮਾਰਨਾ ਪੈਂਦਾ ਫੇਰ ਜਾ ਕੇ ਕਿਤੇ ਖੈਰ ਪੈਂਦੀ ਆ,“ ਇਹ ਕਹਿ ਮੰਗਤੀ ਅਗਲੇ ਦਰਵਾਜੇ ਤੇ ਜਾ ਖੜੀ, ਜਿਉਣੇ ਨੂੰ ਇਸ ਤਰਾਂ ਲੱਗਿਆ ਜਿਵੇਂ ਮੰਗਤੀ ਸੋਟੀ ਕੰਧ ਵਿੱਚ ਨੀਂ ਉਸ ਦੇ ਮਾਰ ਗਈ ਹੋਵੇ।

ਹਰਪ੍ਰੀਤ ਪੱਤੋ ਪਿੰਡ ਪੱਤੋ
ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

ਕੇਨੈਡਾ ਵਿੱਚ ਵਿਦਿਆਰਥੀਆਂ ਨੂੰ ਆ ਰਹੀਆ ਮੁਸ਼ਕਲਾਂ

ਗੁਰਿੰਦਰ ਕਲੇਰ
ਪਿੰਡ ਤੇ ਡਾਕਖਾਨਾ-ਕਲੇਰ ਕਲਾ (ਗੁਰਦਾਸਪੁਰ)
ਮੋਬਾਈਲ ਨੰਬਰ 9914538888

ਸਾਡੇ ਪ੍ਰਦੇਸ ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਵਿਦੇਸ਼ ਵਿਚ ਪੜ੍ਹਨ ਜਾਣ ਦੇ ਚਾਹਵਾਨ ਹੁੰਦੇ ਹਨ।ਜਿਸ ਦਾ ਮੁੱਖ ਕਾਰਨ ਸਾਡੇ ਦੇਸ਼ ਵਿੱਚ ਰੋਜ਼ਗਾਰ ਦੀ ਘਾਟ ਅਤੇ ਮੁਕਾਬਲੇ ਦਾ ਵੱਧ ਹੋਣਾ ਹੈ।ਜਦੋਂ ਕੋਈ ਬੱਚਾ ਪੜ੍ਹਨ ਲਈ ਵਿਦੇਸ਼ ਜਾਦਾ ਹੈ ਤਾ ਮਾਪਿਆ ਨੂੰ ਇਵੇ ਮਹਿਸੂਸ ਹੁੰਦਾ ਹੈ ਜਿਵੇ ਉਹਨਾ ਦਾ ਬੱਚਾ ਰੋਜੀ-ਰੋਟੀ ਕਮਾਉਣ ਦੇ ਯੋਗ ਹੋ ਗਿਆ ਹੋਵੇ।ਜੇਕਰ ਕੋਈ ਬੱਚਾ ਵਿਦੇਸ਼ ਜਾ ਕੇ 5-7 ਸਾਲ ਮਿਹਨਤ ਨਾਲ ਆਪਣੀ ਪੜ੍ਹਾਈ ਪੂਰੀ ਕਰ ਲਵੇ ਤਾ ਉਹ ਕੋਈ ਚੰਗੀ ਨੌਕਰੀ ਪ੍ਰਾਪਤ ਕਰਨ ਦੇ ਯੋਗ ਵੀ ਹੋ ਜਾਦਾ ਹੈ।ਪ੍ਰੰਤੂ ਇਹਨਾ 5-7 ਸਾਲਾ ਦੋਰਾਨ ਵਿਦਿਆਰਥੀਆ ਨੂੰ ਬਹੁਤ ਸਾਰੀਆਂ ਮੁਸਕਲਾ ਵਿੱਚੋ ਲੰਘਣਾ ਪੈਦਾ ਹੈ।ਜਿੰਨਾ ਨੂੰ ਅੱਖੋ -ਪਰੋਖੇ ਕਰਨਾ ਵੀ ਵੱਡੀ ਗਲਤੀ ਹੁੰਦੀ ਹੈ। ਇਸ ਸਮੇ ਵਿਦਿਆਰਥੀ ਦਾ ਕੋਈ ਦੋਸਤ, ਰਿਸਤੇਦਾਰ ਵਿਦੇਸ਼ ਚਲਾ ਜਾਂਦਾ ਹੈ ਤਾ ਉਸ ਵਿਦਿਆਰਥੀ ਅੰਦਰ ਵੀ ਵਿਦੇਸ਼ ਜਾਣ ਦੀ ਉਤਸੁਕਤਾ ਵੱਧ ਜਾਂਦੀ ਹੈ।ਪੰਜਾਬ ਤੋ ਲੱਖਾ ਵਿਦਿਆਰਥੀ ਪੜਾਈ ਲਈ ਕੇਨੈਡਾ ਪਹੁੰਚ ਚੁੱਕੇ ਹਨ ਤੇ ਹੋਰ ਵੀ ਜਾ ਰਹੇ ਹਨ। ਜੇਕਰ ਇਹਨਾ ਵਿਦਿਆਰਥੀਆ ਨੂੰ ਕੇਨੈਡਾ ਵਿੱਚ ਪੇਸ਼ ਆ ਰਹੀਆ ਮੁਸਕਲਾ ਦੀ ਗੱਲ ਕੀਤੀ ਜਾਵੇ ਤਾ ਵਿਦਿਆਰਥੀਆ ਨੂੰ ਉੱਥੋ ਦੇ ਵਿਦਿਆਰਥੀਆ ਤੋ ਲਗਭਗ ਤਿੰਨ ਗੁਣਾ ਵੱਧ ਫੀਸ ਦੇਣੀ ਪੈਂਦੀ ਹੈ। ਫੀਸ ਦੇ ਨਾਲ -ਨਾਲ ਰਹਿਣ ਲਈ ਘਰ, ਕਰਿਆਨੇ, ਸਬਜੀ ਆਦਿ ਦਾ ਖਰਚਾ, ਕਾਰ ਚਲਾਉਣ ਦਾ ਲਾਈਸੰਸ ਲੈਣਾ ਆਦਿ ਵੱਡੇ ਖਰਚੇ ਹਨ।ਕੇਨੈਡਾ ਵਿੱਚ ਸਕੇਲ ਵਰਕਰ ਅਤੇ ਚੰਗੀ ਨੌਕਰੀ ਵਾਲਿਆ ਦੀ ਤਨਖਾਹ ਠੀਕ ਹੁੰਦੀ ਹੈ।ਪਰ ਜਿਹੜੇ ਵਿਦਿਆਰਥੀ ਜਾਦੇ ਹਨ ਉਹਨਾ ਨੂੰ ਕੰਮ ਲੱਭਣ ਵਿੱਚ ਬਹੁਤ ਮੁਸਕਲ ਆਉਂਦੀ ਹੈ। ਜੇਕਰ ਕੰਮ ਮਿਲ ਵੀ ਜਾਵੇ ਤਾ ਘੱਟ ਤੋ ਘੱਟ ਰੇਟ ਜਿਹੜਾ ਕੇਨੈਡਾ ਸਰਕਾਰ ਵੱਲੋ ਤਹਿ ਕੀਤਾ ਹੁੰਦਾ ਹੈ ਉਤੇ ਕੰਮ ਕਰਨਾ ਪੈਦਾ ਹੈ। ਪੜਾਈ ਕਰਨੀ, ਕੰਮ ਕਰਨਾ ਅਤੇ ਆਪਣੀ ਰੋਟੀ ਪਾਣੀ ਦਾ ਪ੍ਰਬੰਧ ਕਰਨਾ ਕਈ ਵਿਦਿਆਰਥੀਆ ਲਈ ਉਦਾਸੀ ਦਾ ਕਾਰਨ ਬਣ ਜਾਂਦਾ ਹੈ। ਬਹੁਤ ਸਾਰੇ ਵਿਦਿਆਰਥੀ ਬੈਂਕ ਆੜਤੀਆ ਆਦਿ ਤੋ ਕਰਜਾ ਲੈ ਕੇ ਕੇਨੈਡਾ ਪਹੁੰਚੇ ਹੁੰਦੇ ਹਨ। ਕੇਨੈਡਾ ਦੇ ਖਰਚੇ ਤੇ ਕਰਜਾ ਵਾਪਸ ਕਰਨ ਦਾ ਫਿਕਰ ਦਿਮਾਗੀ ਬੋਝ ਵਿੱਚ ਵਾਧਾ ਕਰਦਾ ਹੈ।ਇਸ ਸਮੇ ਕੇਨੈਡਾ ਦੇ ਵੱਡੇ ਅਤੇ ਮਸ਼ਹੂਰ ਸਹਿਰਾ ਵਿੱਚ ਜਨਸੰਖਿਆ ਇੰਨੀ ਵੱਧ ਚੁੱਕੀ ਹੈ ਕਿ ਦਫਤਰਾ ਵਿੱਚ ਕੰਮ ਕਰਵਾਉਣ ਲਈ ਲਾਈਨਾ,ਸੜਕਾ ਉਪਰ ਵਾਹਨਾ ਦੀ ਭੀੜ, ਮਹਿੰਗਾਈ ਦਾ ਵੱਧਣਾ ਤੇ ਆਮਦਨ ਦਾ ਘੱਟ ਹੋ ਗਈ ਹੈ। ਕੇਨੈਡਾ ਬਾਰੇ ਇਹ ਸੁਨਣ ਨੂੰ ਮਿਲਦਾ ਸੀ ਕਿ ਉਥੇ ਇਲਾਜ ਮੁਫਤ ਹੈ।ਜਦ ਕਿ ਸਚਿਆਈ ਇਹ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਪੈਸੇ ਦੇ ਕੇ ਕਰਵਾਉਣਾ ਪੈਦਾ ਹੈ।ਕੁਝ ਕੁ ਬਿਮਾਰੀਆਂ ਦਾ ਇਲਾਜ ਮੁਫਤ ਹੈ

ਪਰ ਡਾਕਟਰ ਨੂੰ ਮਿਲਣ ਲਈ ਮਹੀਨਿਆਂ ਬੰਦੀ ਉਡੀਕ ਕਰਨੀ ਪੈਂਦੀ ਹੈ।ਜਿਆਦਾਤਰ ਵਿਦਿਆਰਥੀ ਕੇਨੈਡਾ ਦੇ ਉਹਨਾ ਇਲਾਕਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ ਜਿੱਥੇ ਠੰਡ ਘੱਟ ਪੈਦੀ ਹੋਵੇ। ਪਰ ਫਿਰ ਵੀ ਕੇਨੈਡਾ ਵਿੱਚ ਪੰਜਾਬ ਨਾਲੋ ਵੱਧ ਠੰਡ ਪੈਦੀ ਹੈ। ਕੇਨੈਡਾ ਵਿੱਚ ਗਰਮੀ ਦਾ ਮੌਸਮ ਘੱਟ ਅਤੇ ਸਰਦੀ ਬਰਸਾਤ ਦਾ ਮੌਸਮ ਜਿਆਦਾ ਸਮਾ ਰਹਿੰਦਾ ਹੈ। ਸਰਦੀ ਤੇ ਬਰਸਾਤ ਦੇ ਮੌਸਮ ਵਿੱਚ ਕਈ-ਕਈ ਦਿਨ ਸੂਰਜ ਦਿਖਾਈ ਨਹੀ ਦੇਦਾ। ਬਹੁਤ ਸਾਰੇ ਲੋਕਾ ਨੂੰ ਇਸ ਮੌਸਮ ਵਿਚ ਡਿਪ੍ਰੈਸ਼ਨ (ਉਦਾਸੀ) ਵਿਟਾਮਿਨ ਡੀ ਆਦਿ ਦੀ ਘਾਟ ਹੋ ਜਾਦੀ ਹੈ। ਰਹਿਣ ਵਾਲੇ ਘਰਾ ਵਿੱਚ ਹੀਟ ਗਰਮ ਪਾਣੀ ਆਦਿ ਦਾ ਪ੍ਰਬੰਧ ਹੁੰਦਾ ਹੈ।ਪਰ ਇਹਨਾ ਸਹੂਲਤਾ ਦੇ ਬਿੱਲ ਦੇਣੇ ਪੈਂਦੇ ਹਨ। ਇਸ ਦੇਸ਼ ਵਿੱਚ ਨਿੱਕੇ ਤੋ ਲੈ ਕੇ ਵੱਡੇ ਕੰਮ ਕਰਵਾਉਣ ਲਈ ਸਰਕਾਰ ਦੀ ਮਨਜ਼ੂਰੀ ਲੈਣੀ ਅਤੇ ਮੋਟੀ ਫੀਸ ਦੇਣੀ ਪੈਂਦੀ ਹੈ। ਇਸ ਦੇਸ ਵਿੱਚ ਉਸ ਫਲ ਤੇ ਸ਼ਬਜੀਆ ਖਾਣ ਲਈ ਇਨਸਾਨ ਤਰਸ ਜਾਦਾ ਹੈ ਜਾਂ ਫਿਰ ਕਹਿ ਲਵੋ ਕਿ ਇਕ ਵੱਡੀ ਰਕਮ ਖਰਚਣੀ ਪੈਦੀ ਹੈ ਜਿਹੜੇ ਸਾਡੇ ਪੰਜਾਬ ਦੇ ਹਰ ਘਰ ਵਿੱਚ ਆਮ ਹੀ ਮਿਲ ਜਾਦੇ ਹਨ। ਕੇਨੈਡਾ ਵਿੱਚ ਘਰਾ ਦੀਆ ਕੀਮਤਾ ਇੰਨੀਆ ਵੱਧ ਚੁੱਕਿਆ ਹਨ ਕਿ ਇਕ ਘਰ ਖਰੀਦਣ ਲਈ ਇਕ ਪੀੜੀ ਨੂੰ ਆਪਣੀ ਜਿੰਦਗੀ ਦੀ ਕਮਾਈ ਹੋਈ ਸਾਰੀ ਪੂੰਜੀ ਲਾਉਣੀ ਪੈਦੀ ਹੈ ਅਤੇ ਦਿਨ ਰਾਤ ਕੰਮ ਕਰਨਾ ਪੈਦਾ ਹੈ।ਇਹਨਾ ਕਿਸਤਾ ਅਤੇ ਹੋਰ ਖਰਚਿਆ ਦਾ ਬੋਝ ਕਈ ਲੋਕਾ ਤੇ ਇੰਨਾ ਵੱਧ ਜਾਂਦਾ ਹੈ ਕਿ ਉਹ ਆਪਣੀ ਜਿੰਦਗੀ ਖਤਮ ਕਰਨ ਬਾਰੇ ਸੋਚਣ ਲੱਗ ਪੈਦੇ ਹਨ।ਕੇਨੈਡਾ ਵਿੱਚ ਬੈਕ ਤੋ ਕਰਜਾ ਲੈ ਕੇ ਘਰ ਲੈਣਾ , ਕਾਰ ਲੈਣੀ ਆਦਿ ਉੱਥੋ ਦਾ ਕਲਚਰ ਬਣ ਚੁੱਕਾ ਹੈ। ਸਾਡੇ ਲੋਕ ਇੱਥੇ ਫਸੇ ਮਹਿਸੂਸ ਕਰਦੇ ਹਨ। ਪਰ ਆਪਣੇ ਦੇਸ਼ ਵਾਪਸ ਆਉਣ ਲਈ ਤਿਆਰ ਨਹੀ। ਕਿਉਕਿ ਉੱਥੇ ਇਮਾਨਦਾਰੀ, ਇਨਸਾਫ, ਪ੍ਰਦੂਸ਼ਣ ਰਹਿਤ ਵਾਤਾਵਰਣ, ਇਨਸਾਨੀ ਕਦਰਾ-ਕੀਮਤਾ, ਬੁਢਾਪੇ ਵਿੱਚ ਪੈਨਸ਼ਨ ਦੀ ਸਹੂਲਤ ਕੇਅਰ ਸੈਂਟਰ ਆਦਿ ਇਨਸਾਨ ਲਈ ਇਕ ਵੱਡਾ ਸਹਾਰਾ ਹਨ। ਵਿਦਿਆਰਥੀ ਇਸ ਕਰਕੇ ਵੀ ਨਹੀ ਆ ਸਕਦੇ ਕਿਉਂਕਿ ਉਹ ਇਕ ਵੱਡੀ ਰਕਮ ਤੇ ਸਮਾ ਇਸ ਮੁਲਕ ਵਿੱਚ ਲਾ ਚੁੱਕੇ ਹੁੰਦੇ ਹਨ।ਜੇਕਰ ਵਾਪਸ ਆਪਣੇ ਦੇਸ਼ ਜਾਦੇ ਹਨ ਤਾ ਪੈਸੇ ਅਤੇ ਸਮੇ ਦੀ ਭਰਪਾਈ ਨਹੀ ਕੀਤੀ ਜਾ ਸਕਦੀ। ਲੇਖ ਲਿਖਣ ਦਾ ਮਕਸਦ ਕਿਸੇ ਨੂੰ ਡਰਾਉਣਾ ਨਹੀ ਸਗੋ ਵਿਦਿਆਰਥੀਆ ਨੂੰ ਉਹਨਾ ਮੁਸਕਲਾ ਬਾਰੇ ਜਾਣੂ ਕਰਵਾਉਣਾ ਹੈ ਜਿੰਨਾ ਬਾਰੇ ਉਹਨਾ ਨੂੰ ਜਾਣਕਾਰੀ ਨਹੀ ਹੈ ਤਾ ਜੋ ਉਹ ਕੇਨੈਡਾ ਜਾਣ ਤੋ ਪਹਿਲਾ ਆਪਣੇ ਆਪ ਨੂੰ ਮਾਨਸਿਕ ਅਤੇ ਸਰੀਰਕ ਪੱਖ ਤੋ ਮਜਬੂਰ ਕਰ ਲੈਣ।

ਪੂੰਜੀਪਤੀ ਲੋਕ ਅੱਜ ਵੀ ਮਿਹਨਤਕਸ਼ ਲੋਕਾਂ ਉੱਤੇ ਕਾਬਜ਼ ਹਨ

ਗਗਨ ਫੂਲ
ਸੰਪ: 75289-03512

ਅੱਜ ਫਿਰ ਇੱਕ ਮਈ 2023 ਨੂੰ ਵੱਖ-ਵੱਖ ਥਾਵਾਂ ਉੱਤੇ ਖੁਸੀ-ਖੁਸੀ ਮਨਾਇਆ ਜਾਵੇਗਾ। ਇੱਥੋਂ ਤੱਕ ਕੀ ਮਜਦੂਰ ਦਿਵਸ ਨੂੰ ਸਮਰਪਿਤ ਸਰਕਾਰੀ ਛੁੱਟੀ ਵੀ ਕਰ ਦਿੱਤੀ ਗਈ ਪਰ ਅਫਸੋਸ ਕਿ ਸਾਡੇ ਮਜਦੂਰ, ਕਿਰਤੀ ਕਾਮੇ ਅੱਜ ਵੀ ਹਰ ਦਿਨ, ਹਰ ਪਲ ਦੀ ਤਰ੍ਹਾਂ ਆਪਣਾ ਖੂਨ ਪਸੀਨਾ ਬਹਾ ਰਹੇ ਹਨ। ਉਹ ਵਿਚਾਰੇ ਦੋ ਵੇਲੇ ਦੀ ਰੋਟੀ ਲਈ ਅੱਜ ਵੀ ਦਿਹਾੜੀ ਗਏ ਹਨ, ਕੋਈ ਕੱਪੜਾ ਮਿੱਲਾਂ ਵਿੱਚ ਛਿੱਲ ਲਹਾ ਰਿਹਾ ਹੋਵੇਗਾ, ਕੋਈ ਹੋਟਲਾਂ ਉੱਤੇ ਭਾਂਡੇ ਮਾਂਜ ਰਿਹਾ ਹੋਵੇਗਾ, ਕੋਈ ਲੋਕਾਂ ਦੇ ਸਵੇਰ ਦੇ ਮਨ ਪਰਚਾਵੇ ਕਈ ਅਖਬਾਰ/ਮੈਗਜੀਨ ਵੰਡ ਰਿਹਾ ਹੋਵੇਗਾ ਆਦਿ। ਅੱਜ ਮਜਦੂਰਾਂ ਨੂੰ ਬਹੁਤ ਸਕਤੀਸਾਲੀ ਬਣਾ ਕੇ ਪੇਸ ਕੀਤਾ ਜਾਵੇਗਾ। ਜਿਵੇਂ ਕਹਿੰਦੇ ਨੇ ਕਿ ਦੋ ਤਰਾਂ ਦੇ ਵਰਗ ਹਨ ਇੱਕ ਅਮੀਰ ਅਤੇ ਇੱਕ ਗਰੀਬ। ਅਮੀਰ ਵਰਗ ਤੋਂ ਭਾਵ ਉਦਯੋਗਪਤੀ ਜਾਂ ਪੂੰਜੀਪਤੀ ਅਤੇ ਗਰੀਬ ਵਰਗ ਤੋਂ ਭਾਵ ਮਿਹਨਤਕਸ ਜਾਂ ਕਿਰਤੀ ਲੋਕ। ਸਾਡੇ ਕਈ ਇਸ ਤਰਾਂ ਦੇ ਲੇਖਕ ਵੀ ਹੋਏ ਹਨ, ਜਿੰਨਾਂ ਨੇ ਮਿਹਨਤਕਸ ਲੋਕਾਂ ਨੂੰ ਇੱਕਜੁਟ ਹੋਣ ਲਈ ਵੀ ਪ੍ਰੇਰਿਆ ਹੈ। ਪਰ ਨਿੱਜੀਕਰਨ, ਵਿਸਵੀਕਰਨ ਨੇ ਅੱਜ ਵੀ ਉਸੇ ਤਰਾਂ ਆਪਣਾ ਪ੍ਰਭਾਵ ਕਾਇਮ ਰੱਖਿਆ ਹੋਇਆ ਹੈ ਕਿ ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਅੱਜ ਸਰਕਾਰੀ ਛੁੱਟੀ ਸਿਰਫ ਨਾਂ ਦੀ ਹੀ ਛੁੱਟੀ ਰਹਿ ਗਈ ਜਾਪਦੀ ਹੈ। ਇਹ ਛੁੱਟੀ ਹੀ ਨਹੀਂ ਸੀ ਇਹ ਤਾਂ ਗਰੀਬ ਲੋਕਾਂ ਨੂੰ ਆਪਣੇ ਪੱਖ ਵਿੱਚ ਕਰਨ ਦਾ ਇੱਕ ਨਵੇਂ ਕਿਸਮ ਦਾ ਮੈਨੀਫੈਸਟੋ ਜਾਪਦਾ ਹੈ। ਕੀ ਕਿਸੇ ਮਜਦੂਰ ਨੇ ਛੁੱਟੀ ਦਾ ਅਨੰਦ ਮਾਣਿਆ ਹੈ ? ਨਹੀਂ! ਕਿਉਂਕਿ ਛੁੱਟੀ ਕਰਨ ਨਾਲ ਉਹਨਾਂ ਨੂੰ ਦੋ ਡੰਗ ਦੀ ਰੋਟੀ ਨਹੀਂ ਮਿਲਣ ਸੀ। ਛੁੱਟੀ ਕਰਨ ਨਾਲ ਮਜਦੂਰਾਂ ਦੀ ਹਾਲਤ ਵਿੱਚ ਬਦਲਾਅ ਨਹੀਂ ਆਉਣਾ ਸੀ। ਛੁੱਟੀ ਕਰਨ ਨਾਲ ਮਜਦੂਰਾਂ ਦੀਆਂ ਲੋੜਾਂ ਪੂਰੀਆਂ ਨਹੀਂ ਹੋਣੀਆਂ ਸਨ। ਛੁੱਟੀ ਕਰਨ ਨਾਲ ਮਜਦੂਰਾਂ ਦੇ ਬੱਚਿਆਂ ਨੂੰ ਸਿੱਖਿਆ ਜਾਂ ਉੱਚ ਸਿੱਖਿਆ ਨਹੀਂ ਮਿਲਣੀ ਸੀ। ਛੁੱਟੀ ਕਰਨ ਨਾਲ ਮਜਦੂਰਾਂ ਨੂੰ ਉਹਨਾਂ ਦੇ ਹੱਕ ਨਹੀਂ ਮਿਲਣੇ ਸੀ। ਛੁੱਟੀ ਕਰ ਨਾਲ ਉਹਨਾਂ ਦੇ ਮਹਿਲ ਮੁਨਾਰੇ ਨਹੀਂ ਬਣਨੇ ਸੀ। ਲੱਖਾਂ ਕਰੋੜਾਂ ਲੋਕਾਂ ਦੇ ਘਰ ਬਣਾਉਣਾ ਵਾਲਾ ਅੱਜ ਫਿਰ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਫੁੱਟਪਾਥ ਉੱਤੇ ਆਪਣੀ ਨੀਂਦ ਪੂਰੀ ਕਰੇਗਾ, ਆਪਣੇ ਸਰੀਰ ਦੀ ਥਕਾਵਟ ਨੂੰ ਦੂਰ ਕਰੇਗਾ। ਅੱਜ ਫ?ਿਰ ਕੋਈ ਨਾ ਕੋਈ ਦਿਹਾੜੀਦਾਰ ਲੁੱਟਿਆ ਗਿਆ ਹੋਵੇਗਾ। ਅੱਜ ਫਿਰ ਕਿਸੇ ਨਾ ਕਿਸੇ ਮਜਦੂਰ ਦੇ ਘਰ ਦੀ ਛੱਤ ਡਿੱਗੀ ਹੋਵੇਗੀ। ਅੱਜ ਫ?ਿਰ ਕਿਸੇ ਨਾ ਕਿਸੇ ਮਜਦੂਰ ਨੇ ਫਾਹਾ ਲਿਆ ਹੋਵੇਗਾ। ਅੱਜ ਫਿਰ ਕਿਸੇ ਨਾ ਕਿਸੇ ਮਜਦੂਰ ਦਾ ਹੱਕ ਮਾਰਿਆ ਹੋਵੇਗਾ ਕਿਸੇ ਉਦਯੋਗਪਤੀ ਜਾਂ ਪੂੰਜੀਪਤੀ ਨੇ। ਅੱਜ ਵੀ ਮਿਹਨਤਕਸ ਲੋਕਾਂ ਉੱਤੇ ਪੂੰਜੀਪਤੀ ਲੋਕ ਕਾਬਜ ਹਨ। ਛੋਟੀ ਜਿਹੀ ਉਦਾਹਰਣ ਕਿ ਮਨਰੇਗਾ ਵਾਲੇ ਮਜਦੂਰਾਂ ਤੋਂ ਅੱਜ ਵੀ ਜਿਮੀਂਦਾਰ ਲੋਕ ਆਪਣੀਆਂ ਹੀ ਪਹੀਆਂ ਜੋ ਉਹਨਾਂ ਦੇ ਖੇਤਾਂ ਨੂੰ ਜਾਂਦੀਆਂ ਹਨ, ਸਾਫ ਕਰਵਾਉਂਦੇ ਹਨ, ਆਪਣਿਆਂ ਘਰਾਂ ਨੂੰ ਜਾਂਦੀਆਂ ਗਲੀਆਂ ਸਾਫ ਕਰਵਾਉਂਦੇ ਹਨ, ਜੋ ਮਨਰੇਗਾ ਮਜਦੂਰਾਂ ਦਾ ਕੰਮ ਨਹੀਂ ਹੈ। ਅੱਜ ਅਖਬਾਰਾਂ ਵਿੱਚ ਵੱਡੇ-ਵੱਡੇ ਇਸਤਿਹਾਰ ਛਾਪ ਕੇ ਜਿਤਾਈ ਜਾਵੇਗੀ ਹਮਦਰਦੀ ਅਤੇ ਇਸ ਤਰ੍ਹਾਂ ਨਿਗਲ ਲਿਆ ਜਾਵੇਗਾ ਮਜਦੂਰਾਂ ਦਾ ਹੱਕ, ਵੱਡੇ-ਵੱਡੇ ਪੋਸਟਰ ਲਾਕੇ ਘਰ ਫੂਕ ਵਿਖਾਇਆ ਜਾਵੇਗਾ ਤਮਾਸਾ ਅਤੇ ਗਰੀਬੀ ਰੂਪੀ ਵਾਇਰਸ ਤੋਂ ਪੀੜਤ ਗਵਾ ਬੈਠੇਗਾ ਆਪਣੀ ਜਾਨ ਤੇ ਦੇ ਦਿੱਤੀਆਂ ਜਾਣਗੀਆਂ ਅਖਬਾਰਾਂ ਦੇ ਪਹਿਲੇ ਪੰਨੇ ਉੱਤੇ ਝੂਠੀਆਂ ਸਰਧਾਂਜਲੀਆਂ। ਇਹੋ ਹੈ ਬਸ ਮਜਦੂਰ ਦੀ ਦਸਾ ਅਤੇ ਦਿਸਾ ਤਾਂ ਬਣੇਗੀ ਜੇਕਰ ਦਸਾ ਸੁਧਰੇਗੀ।

ਇਤਿਹਾਸਕ ਮਲਕਾਂ ਵਾਲਾ ਖੂਹ

ਇਤਿਹਾਸਕ ਮਲਕਾਂ ਵਾਲਾ ਖੂਹ ਜਿਲ੍ਹਾ ਲੁਧਿਆਣਾ ਦੀ ਤਹਿਸੀਲ ਪਾਇਲ ਦੇ ਪਿੰਡ ਧਮੋਟ ਵਿਖੇ ਸਥਿਤ ਹੈ। ਜਿੱਥੇ ਪਾਤਸ਼ਾਹੀ ਛੇਵੀਂ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ, ਜਦੋਂ ਸਤਾਰਵੀਂ ਸਦੀ ਵਿਚ 2200 ਘੋੜ ਸਵਾਰਾਂ ਸਮੇਤ ਇਸ ਖੂਹ 'ਤੇ ਪਹੁੰਚੇ ਸਨ ਤਾਂ ਇਹ ਖੂਹ ਬਿਲਕੁਲ ਸੁੱਕਾ ਸੀ, ਸੋ ਆਪ ਜੀ ਨੇ ਇਸ ਖੂਹ 'ਚ ਜਲ ਪ੍ਰਗਟ ਕੀਤਾ ਅਤੇ ਇਸ ਖੂਹ ਦਾ ਜਲ ਖਾਰੇ ਤੋਂ ਮਿੱਠਾ ਕੀਤਾ। ਇਹੋ ਜਲ ਆਪ ਵੀ ਛਕਿਆ ਅਤੇ ਸਭ ਸੰਗਤਾਂ ਨੂੰ ਵੀ ਛਕਾਇਆ। ਇਥੋਂ ਦੇ ਚੌਧਰੀ ਮੇਹਰੂ ਦੇ ਪਰਿਵਾਰ ਦਾ ਇਸੇ ਜਲ ਨਾਲ ਕੋਹੜ ਦੂਰ ਕੀਤਾ ਅਤੇ ਵਰ ਦਿੱਤਾ ਕਿ ਜੋ ਵੀ ਮਾਈ-ਭਾਈ ਇਸ ਜਲ ਨੂੰ ਛਕੇਗਾ ਉਸਦੇ ਦੁੱਖ-ਰੋਗ ਦੂਰ ਹੋਣਗੇ। ਇਹ ਖੂਹ ਹੁਣ ਮਲਕਾਂ ਵਾਲੇ ਖੂਹ ਦੇ ਨਾਂਅ ਨਾਲ ਪ੍ਰਸਿੱਧ ਹੈ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਇਹ ਇਤਿਹਾਸਕ ਅਸਥਾਨ ਸ਼ੇਰ ਸ਼ਾਹ ਸੂਰੀ ਮਾਰਗ ਉੱਪਰ ਪੈਂਦੇ ਕਸਬਾ ਬੀਜੇ ਦੇ ਟੋਟੇ ਤੋਂ ਦੱਖਣ ਵੱਲ੍ਹ ਕੋਈ 16 ਕਿਲੋਮੀਟਰ ਦੀ ਦੂਰੀ 'ਤੇ ਸ਼ਸੋਭਿਤ ਹੈ। ਇਸ ਪਾਵਨ ਪਵਿੱਤਰ ਅਸਥਾਨ 'ਤੇ ਬਹੁਤ ਹੀ ਆਲੀਸ਼ਾਨ ਦੋ ਮੰਜ਼ਿਲਾਂ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਉੱਪਰਲੀ ਮੰਜ਼ਿਲ 'ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਤੇ ਹੇਠਲੀ ਮੰਜ਼ਿਲ 'ਤੇ ਉਹ ਪੁਰਾਤਨ ਖੂਹ ਅੱਜ ਵੀ ਮੌਜੂਦ ਹੈ, ਜਿਸਦਾ ਜਲ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪ੍ਰਗਟ ਕੀਤਾ ਸੀ ਤੇ ਜਲ ਖਾਰੇ ਤੋਂ ਮਿੱਠਾ ਕੀਤਾ ਸੀ। ਉਹੀ ਜਲ ਆਪ ਵੀ ਛਕਿਆ ਸੀ ਤੇ ਸਾਰੀਆਂ ਸੰਗਤਾਂ ਨੂੰ ਵੀ ਛਕਾਇਆ ਸੀ ਤੇ ਚੌਧਰੀ ਮੇਹਰੂ ਦੇ ਪਰਿਵਾਰ ਦਾ ਇਸੇ ਜਲ ਨਾਲ ਕੋਹੜ ਵੀ ਦੂਰ ਕੀਤਾ ਸੀ। ਇਸ ਪਾਵਨ-ਪਵਿੱਤਰ ਅਸਥਾਨ ਦੀ ਸੇਵਾ ਜੱਥੇਦਾਰ ਬਾਬਾ ਸਤਨਾਮ ਸਿੰਘ, ਜੱਥੇਦਾਰ ਬਾਬਾ ਕ੍ਰਿਪਾਲ ਸਿੰਘ, ਜੱਥੇਦਾਰ ਬਾਬਾ ਜੋਗਾ ਸਿੰਘ ਦੀ ਸਰਪ੍ਰਸਤੀ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਇਸ ਪਾਵਨ-ਪਵਿੱਤਰ ਅਸਥਾਨ 'ਤੇ ਸੰਗਤਾਂ ਦੂਰੋਂ-ਦੂਰੋਂ ਆ ਕੇ ਨਤਮਸਤਕ ਹੁੰਦੀਆਂ ਹਨ ਤੇ ਮੂੰਹੋਂ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ।

ਤਸਵਿੰਦਰ ਸਿੰਘ ਬੜੈਚ
ਮੋਬਾ-7527931887

ਭਾਰਤੀ ਸਾਹਿਤ ਦੇ ਗੁਰੂਦੇਵ ਰਵਿੰਦਰ ਨਾਥ ਟੈਗੋਰ



ਮੁੱਢਲੀ ਸਿੱਖਿਆ ਦੀ ਪ੍ਰਾਪਤੀ ਅਧਿਆਪਕ ਤੋ ਘਰ ਵਿੱਚ ਰਿਹ ਕੇ ਪ੍ਰਪਤ ਕੀਤੀ । ਪਰ ਉਚੇਰੀ ਵਿਦਿਆ ਦੀ ਲਈ ਇੰਗਲੈਂਡ ਚਲੇ ਗਏ, ਕਵਿਤਾ ਲਿਖਣ, ਚਿੱਤਰਕਾਰੀ ਕਰਨ ਜਾਂ ਕਲਾਕਾਰੀ ਦੀਆਂ ਰੁਚੀਆਂ ਨੇ ਉਥੇ ਰਹਿਣ ਨਹੀਂ ਦਿੱਤਾ ਪੜ੍ਹਾਈ ਛੱਡ ਕੇ ਭਾਰਤ ਪਰਤ ਆਏ । ਕੁਦਰਤ ਦੇ ਨਜਾਰਿਆਂ ਨਾਲ ਇਕ-ਮਿਕ ਹੋ ਕੇ ਰਹਿਣਾ ਪਸੰਦ ਕਰਦੇ ਸਨ। ਮ੍ਰਿਣਾਲਿਨੀ ਦੇਵੀ ਨਾਲ ਵਿਆਹ ਪਿਛੋਂ ਜੀਵਨ ਵਿਚ ਪ੍ਰੇਮ ਭਰੀ ਅਨੋਖੀ ਲਹਿਰ ਦੀ ਰਵਾਨਗੀ ਹੋਈ । ਜਿਸ ਨਾਲ ਕਵਿਤਾ ਵਿਚ ਪ੍ਰੇਮ ਦਾ ਅਥਾਹ ਸਾਗਰ ਸਮਾ ਗਿਆ,ਜੋ ਸਬਦ ਰੂਪੀ ਲਹਿਰਾ ਨਾਲ ਬਾਹਰ ਨਿਕਲਣ ਲੱਗਾ। ਜਿਸ ਦਾ ਨਤੀਜਾ ਗੀਤਾਂਜਲੀ ਨਾਂ ਦਾ 'ਕਾਵਿ ਸੰਗ੍ਰਹਿ ਲਿਖਿਆ ਜਿਸ ਨਾਲ ਨੋਬਲ ਪੁਰਸਕਾਰ ਮਿਲਿਆ। ਗੁਰੂਦੇਵ ਦੀਆ ਲਿਖਤਾ ਅਨੇਕਾ ਭਸ਼ਾਵਾ ਵਿੱਚ ਅਨੁਵਾਦ ਹੋਈਆ ਹਨ ।

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ
ਮੋਬ 78374-90309

ਸਿਰਜਣਾ ਦਾ ਚਾਨਣ ਸਦੀਆ ਤੱਕ ਚਮਕਦਾ ਹੈ ।ਨਿੱਜੀ ਕਾਬਲੀਅਤ ਦੀਵੇ ਦੀ ਬੱਤੀ ਸਮਾਨ ਹੈ ਜੋ ਅੰਦਰੂੰਨੀ ਕਲਾ ਨੂੰ ਬਾਹਰ ਲਿਆਉਦੀ ਹੈ । ਉਸ ਸਖਸੀਅਤ ਦਾ ਪ੍ਰਭਾਵ ਸਦੀਆ ਤੱਕ ਰਿਹਦਾ ਹੈ । ਜੋ ਕਲਾ ਦੇ ਰਾਹੀ ਲੋਕਾ ਦੇ ਦਿਲਾ ਵਿੱਚ ਵਸਦੇ ਹਨ । ਅਜਿਹੀ ਉੱਚੀ -ਸੁੱਚੀ ਸਖਸੀਅਤ ਦੇ ਧਾਰਨੀ ਸਨ ਭਾਰਤੀ ਸਾਹਿਤ ਦੇ ਗੁਰੂਦੇਵ ਰਵਿੰਦਰ ਨਾਥ ਟੈਗੋਰ ਜੀ । ਜਿਹਨਾ ਆਪਣੀ ਮਾਂ-ਬੋਲੀ ਬੰਗਾਲੀ ਨਾਲ ਅਥਾਹ ਪਿਆਰ ਕੀਤਾ ।ਉਹਨਾ ਨੂੰ ਲੋਕ ਗੀਤਕਾਰ, ਨਾਟਕਕਾਰ, ਚਿੱਤਰਕਾਰ, ਕਵੀ, ਕਲਾਕਾਰ ਆਲੋਚਕ ਵਜੋ ਜਾਣਦੇ ਹਨ ।ਜਦੋਂ ਰਾਸਟਰੀ ਗਾਣ ਸਕੂਲਾਂ ਵਿਚ ਗਾਇਆ ਜਾ ਕੌਮੀ ਤਿਉਹਾਰ ਮੌਕੇ ਵਜਦਾ ਹੈ ,ਉਸ ਸਮੇਂ ਰਵਿੰਦਰ ਨਾਥ ਟੈਗੋਰ ਆਪ ਮੁਹਾਰੇ ਯਾਦ ਅਉਦੇ ਹਨ ।ਉਹ ਭਾਰਤੀ ਸਾਹਿਤ ਦੇ ਗੁਰੂਦੇਵ ਸਨ ਜਿਹਨਾ ਨੇ ਦੁਨੀਆ ਦਾ ਸਰਵਉਚ ਨੋਬਲ ਪੁਰਸਕਾਰ ਜਿੱਤ ਭਾਰਤ ਦਾ ਨਾਮ ਉਚਾ ਕੀਤਾ ਤੇ ਆਪਣਾ ਸਾਰਾ ਜੀਵਨ ਕਲਾ ਲਈ ਸਮਰਪਿਤ ਰੱਖਿਆ । ਇਹ ਪੁਰਸਕਾਰ 1913 ਵਿੱਚ ਪੁਸਤਕ ਗੀਤਾਂਜਲੀ ਲਈ ਹਾਸਿਲ ਕੀਤਾ । ਇਸ ਤੋ ਪਹਿਲਾ ਸ਼ਿਰਫ ਯੂਰਪੀ ਲੋਕਾ ਨੂੰ ਮਿਲ ਦਾ ਸੀ ।ਦੇਸ਼ ਦੇ ਪਹਿਲੇ ਨੋਬਲ ਇਨਾਮ ਜੇਤੂ ਸਾਹਿਤਕਰ ਬਣ ਦੁਨੀਆ ਵਿੱਚ ਭਾਰਤੀ ਸਾਹਿਤ ਦਾ ਲੋਹਾ ਮਨਵਾਇਆ ।

ਰਵਿੰਦਰਨਾਥ ਟੈਗੋਰ ਦਾ ਜਨਮ 7 ਮਈ, 1861 ਈ. ਨੂੰ ਕੋਲਕਾਤਾ ਦੇ ਅਮੀਰ ਬੈਨਰਜੀ ਘਰਾਣੇ ਵਿਚ ਹੋਇਆ ।ਪਿਤਾ ਦਾ ਨਾਂ ਸ੍ਰੀ ਦੇਵਿੰਦਰ ਨਾਥ ਤੇ ਮਾਤਾ ਸਾਰਦਾ ਦੇਵੀ ਸੀ। ਬਚਪਨ ਵਿੱਚ ਹੀ ਮਾਂ ਦੇ ਚਲੇ ਜਾਣ ਪਿਛੋ ਵੀ ਜਿੰਦਗੀ ਦੀਆ ਦੁਸਵਾਰੀਆ ਛੱਡ ਆਪਣਾ ਜੀਵਨ ਮਾਨਵ ਭਲਾਈ ਦੇ ਲੇਖੇ ਲਾਇਆ । ਭਾਵੇਂ ਪਿਤਾ ਇੱਕ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦੇ ਹੋਏ ਵੀਜਾਤ-ਪਾਤ,ਛੂਤ-ਛਾਤ ਜਿਹੇ ਭਰਮਾਂ ਤੋਂ ਕੋਹਾ ਦੂਰ ਸਨ। ਉਨ੍ਹਾਂ ਦੇ ਘਰ ਵਿਚ ਹਮੇਸਾ ਧਾਰਮਿਕ ਵੰਨਗੀ ਦਾ ਮਹੋਲ ਰਹਿੰਦਾ ਸੀ। ਜਦੋ ਹਰਿਮੰਦਰ ਸਾਹਿਬ ਪਿਤਾ ਜੀ ਨਾਲ ਦਰਸਨ ਕਰਨ ਲਈ ਗਏ ਤਾ ਸਭ ਧਰਮਾ ਦਾ ਸਨਮਾਨ ਤੇ ਬਿਨਾ ਪੱਖਪਾਤ ਦੇ ਵਰਤਾਰਾ ਦੇਖ ਸਿੱਖ ਧਰਮ ਪ੍ਰਤੀ ਸਰਧਾ ਵਿੱਚ ਹੋਰ ਵਾਧਾ ਹੋ ਗਿਆ ।

ਮੁੱਢਲੀ ਸਿੱਖਿਆ ਦੀ ਪ੍ਰਾਪਤੀ ਅਧਿਆਪਕ ਤੋ ਘਰ ਵਿੱਚ ਰਿਹ ਕੇ ਪ੍ਰਪਤ ਕੀਤੀ ।ਪਰ ਉਚੇਰੀ ਵਿਦਿਆ ਦੀ ਲਈ ਇੰਗਲੈਂਡ ਚਲੇ ਗਏ, ਕਵਿਤਾ ਲਿਖਣ, ਚਿੱਤਰਕਾਰੀ ਕਰਨ ਜਾਂ ਕਲਾਕਾਰੀ ਦੀਆਂ ਰੁਚੀਆਂ ਨੇ ਉਥੇ ਰਹਿਣ ਨਹੀਂ ਦਿੱਤਾ ਪੜ੍ਹਾਈ ਛੱਡ ਕੇ ਭਾਰਤ ਪਰਤ ਆਏ ।ਕੁਦਰਤ ਦੇ ਨਜਾਰਿਆਂ ਨਾਲ ਇਕ-ਮਿਕ ਹੋ ਕੇ ਰਹਿਣਾ ਪਸੰਦ ਕਰਦੇ ਸਨ। ਮ੍ਰਿਣਾਲਿਨੀ ਦੇਵੀ ਨਾਲ ਵਿਆਹ ਪਿਛੋ ਜੀਵਨ ਵਿਚ ਪ੍ਰੇਮ ਭਰੀ ਅਨੋਖੀ ਲਹਿਰ ਦੀ ਰਵਾਨਗੀ ਹੋਈ ।ਜਿਸ ਨਾਲ ਕਵਿਤਾ ਵਿਚ ਪ੍ਰੇਮ ਦਾ ਅਥਾਹ ਸਾਗਰ ਸਮਾ ਗਿਆ,ਜੋ ਸਬਦ ਰੂਪੀ ਲਹਿਰਾ ਨਾਲ ਬਾਹਰ ਨਿਕਲਣ ਲੱਗਾ। ਜਿਸ ਦਾ ਨਤੀਜਾ ਗੀਤਾਂਜਲੀ ਨਾਂ ਦਾ 'ਕਾਵਿ ਸੰਗ੍ਰਹਿ ਲਿਖਿਆ ਜਿਸ ਨਾਲ ਨੋਬਲ ਪੁਰਸਕਾਰ ਮਿਲਿਆ। ਗੁਰੂਦੇਵ ਦੀਆ ਲਿਖਤਾ ਅਨੇਕਾ ਭਸ਼ਾਵਾ ਵਿੱਚ ਅਨੁਵਾਦ ਹੋਈਆ ਹਨ ।

ਸਾਹਿਤ ਦੀ ਪਗਡੰਡੀ ਤੇ ਚਲਣਾ ਬਚਪਨ ਦੀਆ ਅਠਖੇਲ਼ੀਆ ਵਿੱਚ ਹੀ ਸੁਰੂ ਹੋ ਗਿਆ। ਛੋਟੀ ਉਮਰ ਤੋਂ ਹੀ ਕਵਿਤਾ, ਨਾਵਲ, ਨਾਟਕ, ਇਕਾਂਗੀਆਂ, ਕਹਾਣੀਆਂ, ਨਿਬੰਧ ਆਦਿ ਲਿਖਣੇ ਲੱਗੇ ।ਜਿਆਦਾਤਰ ਸਹਿਤ ਮਾਂ-ਬੋਲੀ ਬੰਗਾਲੀ ਵਿਚ ਹੀ ਰਚਿਆ । ਜਿਸ ਵਿੱਚ ਗੋਰਾ,ਸਾਧਨਾ ,ਨਵਾਂ ਚੰਨ, ਪ੍ਰਭਾਤ ਦੇ ਗੀਤ, ਭੁੱਖੇ ਪੱਥਰ,ਪ੍ਰਾਰਥਨਾ,ਸਾਮ ਦੇ ਗੀਤ,ਤਾਰਾ, 'ਕਾਬਲੀ ਵਾਲਾ,ਤਸਵੀਰਾਂ ਦਾ ਰਾਗ ਜਿਹੀਆਂ ਪ੍ਰਸਿੱਧ ਰਚਨਾਵਾਂ ਲਿਖ ਕੇ ਸਾਹਿਤ ਜਗਤ ਲਈ ਨਵੇਲੇ ਰਾਹ ਦਸੇਰੇ ਬਣੇ। ਕੁਝ ਇਕਾਂਗੀ, ਕਹਾਣੀਆਂ, ਨਾਟਕਾਂ ਆਦਿ 'ਤੇ ਫਿਲਮਾਂ ਵੀ ਬਣੀਆ ਤੇ ਨਾਟਕ ਵੀ ਖੇਡੇ ਜਾ ਚੁੱਕੇ ਹਨ। ਇਨ੍ਹਾਂ ਵਿੱਚੋਂ ਕਾਬਲੀ ਵਾਲਾ ਕਹਾਣੀ ਅਤੇ ਡਾਕ-ਘਰ ਨਾਟਕ ਕਾਫੀ ਮਕਬੂਲ ਹਨ।

ਸਿੱਖਿਆ ਨੂੰ ਮਨੁੱਖੀ ਗਿਆਨ ਲਈ ਅਹਿਮ ਮੰਨਦੇ ਸਨ। ਅਜਾਦ ਖਿਆਲਾਂ ਦੇ ਪਸਾਰੇ ਲਈ ਸੰਸਥਾ ਦੀ ਸਥਾਪਨਾ ਕੀਤੀ ਤਾ ਜੋ ਵਿਦਿਆਰਥੀ ਅਸਾਨੀ ਨਾਲ ਵਿਦਿਆ ਹਾਸਲ ਕਰ ਸਕਣ। ਉਨ੍ਹਾਂ 'ਤੇ ਕੋਈ ਕਿਤਾਬੀ ਬੋਝ ਨਾ ਹੋਵੇ ਸਕੂਲ ਵਾਂਗ ਸੀਮਤ ਦਾਇਰੇ ਦੀ ਪੜ੍ਹਾਈ ਨਾ ਕਰਨ। ਆਪਣੇ ਸੁਪਨਿਆਂ ਦੇ ਸਕੂਲ ਨੂੰ ਸੰਜੋਣ ਲਈ ਸਾਂਤੀ ਨਿਕੇਤਨ ਦੀ ਸਥਾਪਨਾ ਕੀਤੀ। ਇਹ ਇਕ ਅਜਿਹੀ ਸੰਸਥਾ ਸੀ, ਜਿਸ ਵਿਚ ਵਿਦਿਆਰਥੀਆਂ ਨੂੰ ਮੁਫਤ ਵਿਦਿਆ ਦਿੱਤੀ ਜਾਂਦੀ ।ਉਨ੍ਹਾਂ ਨੇ ਸਿਲੇਬਸ ਵਿਚ ਕਿਤਾਬੀ ਪੜ੍ਹਾਈ ਨਾਲੋਂ ਕਲਾਤਮਕਤਾ, ਕੁਦਰਤੀ ਦ੍ਰਿਸਾਂ ਦੇ ਚਿਤਰਣ ਲਈ ਚਿੱਤਰਕਾਰੀ, ਨਾਟਕ,ਨਾਵਲ,ਕਹਾਣੀ ਲੇਖਣ ਆਦਿ ਨੂੰ ਤਰਜੀਹ ਦਿੱਤੀ ।ਜਿਥੇ ਸੰਸਾਰ ਭਰ ਦੇ ਸਾਹਿਤ ,ਧਰਮ,ਰਾਜਨੀਤਕ,ਇਤਿਹਾਸ ਦੀਆ ਲਿਖਤਾ ਦਾ ਅਧਿਐਨ ਦੀ ਖੁੱਲ ਸੀ ।ਇਹਨਾ ਖੋਜਾ ਦਾ ਮਹੱਤਵ ਮਨੁੱਖੀ ਵਿਕਾਸ ਤੇ ਸੁਨਹਿਰੀ ਭਵਿੱਖ ਵੱਲ ਕੇਂਦਰਿਤ ਸੀ ।'ਸਾਂਤੀ ਨਿਕੇਤਨ' ਵਿਸਵ ਵਿਦਿਆਲਾ ਦੇ ਰੂਪ ਵਿੱਚ ਫਲ-ਫੁੱਲ ਰਿਹਾ ਹੈ, ਦੇਸ-ਵਿਦੇਸ ਦੇ ਵਿਦਿਆਰਥੀ ਸੇਧ ਪ੍ਰਪਤ ਕਰ ਰਹੇ ਹਨ।

ਟੈਗੋਰ ਸਾਹਿਤਕਾਰ ਹੀ ਨਹੀਂ ਬਲਕਿ ਇਕ ਸੱਚੇ ਦੇਸ-ਭਗਤ ਵੀ ਸਨ। ਦੇਸ ਪ੍ਰੇਮ ਦਾ ਜਜਬਾ ਕੁੱਟ-ਕੁੱਟ ਕੇ ਭਰਿਆ ਸੀ। ਭਾਵੇਂ ਸਿੱਧੇ ਰੂਪ ਕਿਸੇ ਅਜਾਦੀ ਅੰਦੋਲਨ ਵਿਚ ਹਿੱਸਾ ਨਹੀਂ ਲਿਆ ਫਿਰ ਵੀ ਲਿਖਤਾਂ ਰਾਹੀਂ ਅੰਗਰੇਜ ਸਰਕਾਰ ਦੀਆਂ ਨੀਤੀਆਂ ਨੂੰ ਭੰਡਦੇ ਰਹੇ। ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦਾ ਮਨ ਤੇ ਏਨਾ ਅਸਰ ਹੋਇਆ ਸੀ ਕਿ ਆਪ ਦੀ ਆਤਮਾ ਕੰਬ ਉੱਠੀ ਸੀ। ਉਸ ਦਾ ਹੀ ਅਸਰ ਸੀ ਕਿ ਮਹਾਤਮਾ ਗਾਂਧੀ ਵੱਲੋਂ ਚਲਾਈ ਜਾ ਰਹੀ ਨਾ-ਮਿਲਵਰਤਨ ਲਹਿਰ ਤੇ ਅਮਲ ਕਰਦਿਆਂ ਅੰਗਰੇਜ ਸਰਕਾਰ ਵੱਲੋਂ ਮਿਲਿਆ "ਸਰ" ਦਾ ਖਿਤਾਬ ਵਾਪਸ ਕਰ ਦਿੱਤਾ ਜਿਸ ਨੂੰ ਪ੍ਰਾਪਤ ਕਰਨਾ ਕਿਸੇ ਵੀ ਨਾਗਰਿਕ ਵਾਸਤੇ ਮਾਣ ਵਾਲੀ ਗੱਲ ਹੁੰਦੀ ਸੀ ।ਇਸੇ ਕਰਕੇ ਮਹਾਤਮਾ ਗਾਂਧੀ ਨੇ 'ਗੁਰੂਦੇਵ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ।

ਇਹ ਮਹਾਨ ਸਾਹਿਤਕਾਰ ਅਤੇ ਦੇਸ ਭਗਤ 6 ਅਗਸਤ 1941 ਈ. ਵਿਚ ਦੇਸ ਵਾਸੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ ਉਹਨਾ ਵਲੋ ਸਾਹਿਤ ਤੇ ਕਲਾ ਵਿਚ ਯੋਗਦਾਨ ਬੇਸਕੀਮਤੀ ਹੈ। ਗੁਰੂਦੇਵ ਦੀ ਕਲਪਨਾ,ਚਿੰਤਨ ਅਤੇ ਸੰਵੇਦਨਤਾ ਦੇ ਸਰੀਲੇ ਮੇਲ ਨੂੰ ਰਹਿਦੀਆ ਦੁਨੀਆ ਤੱਕ ਯਾਦ ਕੀਤਾ ਜਾਵੇਗਾ ।ਭਾਰਤ ਦੀ ਆਜਾਦ ਫਿਜਾ ਵਿੱਚ ਗੂੰਜਦਾ ਜਨ-ਗਨ-ਮਨ ਦਾ ਤਰਾਨਾ ਉਹਨਾ ਦੇ ਯੋਗਦਾਨ ਦੀ ਬੁਲੰਦੀ ਦਾ ਖੂਬਸੂਰਤ ਖਜਾਨਾ ਹੈ ।

ਮੱਧਮ ਨਾ ਹੋਣ ਦਿਓ ਰੌਸ਼ਨੀਆਂ

ਆਦਮੀ ਦੇ ਢਲਦੇ ਸਰੀਰ ਨੂੰ ਬੁਢਾਪਾ ਕਿਹਾ ਗਿਆ ਹੈ। ਲਗਾਤਾਰ ਜੀਵਨ ਜਿਊਂਦਿਆਂ ਆਦਮੀ ਦੇ ਸਰੀਰ ਦੀਆਂ ਗ੍ਰੰਥੀਆਂ ਥੱਕ ਜਾਂਦੀਆਂ ਹਨ। ਚਮੜੀ ਸੁੰਗੜਨ ਲੱਗਦੀ ਹੈ। ਅੱਖਾਂ ਦੀ ਰੌਸ਼ਨੀ ਅਤੇ ਕੰਨਾਂ ਦੀ ਸੁਣਨ ਸ਼ਕਤੀ ਘੱਟ ਜਾਂਦੀ ਹੈ। ਦੰਦ ਡਿੱਗਣ ਲੱਗ ਪੈਂਦੇ ਹਨ। ਵਾਲ ਸਫ਼ੈਦ ਹੋਣ ਲੱਗਦੇ ਹਨ। ਚੱਲਦਿਆਂ ਚੱਲਦਿਆਂ ਜਿਵੇਂ ਮਸ਼ੀਨ ਘਸਣ ਲੱਗਦੀ ਹੈ, ਉਸੇ ਤਰ੍ਹਾਂ ਆਦਮੀ ਦੇ ਸਰੀਰ ਰੂਪੀ ਪੁਰਜੇ ਵੀ ਘਸਣ ਲੱਗਦੇ ਹਨ। ਇਸੇ ਦਾ ਨਾਮ ਬੁਢਾਪਾ ਹੈ। ਜਿਸ ਦਿਨ ਇਹ ਮਸ਼ੀਨ ਕੰਮ ਕਰਨਾ ਬੰਦ ਕਰ ਦਿੰਦੀ ਹੈ, ਉਹ ਛਿਣ ਮੌਤ ਕਹਾਉਂਦਾ ਹੈ।

ਆਦਮੀ ਦੀ ਮੌਤ ਵੱਲ ਵਧਦੀ ਢਲਾਨ ਦੋ ਤਰ੍ਹਾਂ ਦੀ ਹੁੰਦੀ ਹੈ। ਇੱਕ ਸ਼ਾਨਦਾਰ, ਦੂਜੀ ਘਟੀਆ। ਸ਼ਾਨਦਾਰ ਢਲਾਣ ਵਾਲੇ ਬੰਦੇ ਦੇ ਚਿਹਰੇ ਉੱਤੇ ਰੌਣਕ, ਬੁੱਲ੍ਹਾਂ ਉੱਤੇ ਮੁਸਕਾਨ, ਕੰਮ ਕਰਨ ਵਿੱਚ ਦਿਲਚਸਪੀ ਅਤੇ ਜਵਾਨਾਂ ਵਰਗੀ ਫੁਰਤੀ ਹੁੰਦੀ ਹੈ। ਘਟੀਆ ਢਲਾਣ ਵਾਲੇ ਬੰਦੇ ਮੰਜੇ ਉੱਤੇ ਅੱਡੀਆਂ ਗੋਡੇ ਰਗੜ-ਰਗੜ ਕੇ ਅਤੇ ਸਿਸਕੀਆਂ ਭਰਦੇ ਹੋਏ ਦਮ ਤੋੜਦੇ ਹਨ। ਕੀ ਤੁਸੀਂ ਅਜਿਹੀ ਮੌਤ ਮਰਨਾ ਪਸੰਦ ਕਰੋਗੇ ? ਨਹੀਂ ਨਾ ! ਅਜਿਹੀ ਦਰਦਨਾਕ ਮੌਤ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜੇਕਰ ਤੁਹਾਡੇ ਮਨ ਵਿੱਚ ਹਰ ਵੇਲੇ ਜਵਾਨ ਬਣੇ ਰਹਿਣ ਦੀ ਭਾਵਨਾ ਬਣੀ ਰਹੇ। ਇਸ ਭਾਵਨਾ ਨੂੰ ਬਰਕਰਾਰ ਰੱਖਣਾ ਕਿਸੇ ਸਾਧਨਾ ਤੋਂ ਘੱਟ ਨਹੀਂ ਹੁੰਦਾ। ਚਾਲੀ-ਪੰਜਾਹ ਪਾਰ ਕਰਦਿਆਂ ਹੀ ਸਾਡੇ ਲਈ ਸੰਬੋਧਨ ਬਦਲ ਜਾਂਦੇ ਹਨ। ਚਾਚਾ ਜੀ, ਤਾਇਆ ਜੀ, ਮਾਮਾ ਜੀ। ਪੈਰ-ਪੈਰ 'ਤੇ ਇਹ ਸੰਬੋਧਨ ਸਾਨੂੰ ਬੁਢਾਪੇ ਦਾ ਅਹਿਸਾਸ ਕਰਾਉਂਦੇ ਰਹਿੰਦੇ ਹਨ। ਖ਼ਾਸਕਰ ਔਰਤਾਂ ਨੂੰ ਮਾਤਾ ਜੀ, ਤਾਈ ਜੀ ਸ਼ਬਦ ਤੋਂ ਚਿੜ ਹੁੰਦੀ ਹੈ। ਸਿਰਫ਼ ਇੱਕ 'ਭੈਣ ਜੀ' ਦਾ ਸੰਬੋਧਨ ਹੀ ਉਨ੍ਹਾਂ ਲਈ ਸੁਖਦ ਹੁੰਦਾ ਹੈ। ਆਦਮੀ ਵੀ ਇਸ ਤਰ੍ਹਾਂ ਦੇ 'ਬੁੱਢਾ' ਹੋਣ ਦੇ ਸੰਬੋਧਨ ਸੁਣ ਕੇ ਅੰਦਰੋਂ ਅੰਦਰੀ ਬਹੁਤ ਔਖੇ ਹੁੰਦੇ ਹਨ। ਇਸ ਅਹਿਸਾਸ ਦੇ ਹੁੰਦਿਆਂ ਆਪਣੇ ਆਪ ਨੂੰ ਸਦਾ ਜਵਾਨ ਸਮਝਣਾ ਜਾਂ ਬੁੱਢਾ ਨਾ ਸਮਝਣ ਦੀ ਭਾਵਨਾ ਨੂੰ ਮਨ ਵਿੱਚ ਕਾਇਮ ਰੱਖਣਾ ਕਿਸੇ ਤਪੱਸਿਆ ਤੋਂ ਘੱਟ ਨਹੀਂ ਹੁੰਦਾ ਕਿਉਂਕਿ ਚੁਸਤੀ-ਫੁਰਤੀ ਜਾਂ ਗੱਭਰੂਆਂ ਵਰਗੀ ਚਾਲ ਢਾਲ ਵਿਖਾਉਣਾ ਸਾਨੂੰ ਮਖੌਲ ਦਾ ਪਾਤਰ ਵੀ ਬਣਾ ਦਿੰਦਾ ਹੈ।

ਇਨ੍ਹਾਂ ਹਾਲਾਤ ਦੇ ਹੁੰਦਿਆਂ ਆਪਣੇ ਆਪ ਨੂੰ ਜਵਾਨ ਬਣਾਈ ਰੱਖਣਾ ਸੱਚ-ਮੁਚ ਹੀ ਔਖਾ ਕੰਮ ਹੈ, ਪਰ ਫਿਰ ਵੀ ਜੇਕਰ ਅਸੀਂ ਇਹ ਅਹਿਸਾਸ ਬਣਾ ਕੇ ਰੱਖਦੇ ਹਾਂ ਤਾਂ ਹੀ ਬੁਢਾਪਾ ਸਫ਼ਲ ਹੋ ਸਕਦਾ ਹੈ। ਵੈਸੇ ਵੀ ਇਹ ਸਮਝਿਆ ਜਾਂਦਾ ਹੈ ਕਿ ਸਰੀਰ ਬੁੱਢਾ ਹੋ ਜਾਂਦਾ ਹੈ, ਪਰ ਮਨ ਸਦਾ ਜਵਾਨ ਬਣਿਆ ਰਹਿੰਦਾ ਹੈ। ਜੇਕਰ ਤੁਸੀਂ ਆਪਣੇ ਆਪ ਨੂੰ ਸਦਾ ਤਰੋਤਾਜ਼ਾ ਮਹਿਸੂਸ ਕਰਦੇ ਰਹੋ ਤਾਂ ਤੁਸੀਂ ਬੁਢਾਪੇ ਵਿੱਚ ਵੀ ਤੰਦਰੁਸਤ ਰਹਿ ਸਕਦੇ ਹੋ। ਇਹ ਕਦੇ ਨਾ ਸੋਚੋ ਕਿ ਅਸੀਂ ਬੁੱਢੇ ਹੋ ਗਏ ਹਾਂ ਅਤੇ ਮਿਹਨਤ ਨਹੀਂ ਕਰ ਸਕਦੇ। ਮਨ ਵਿੱਚ ਬੁਢਾਪੇ ਦਾ ਜ਼ਰਾ ਜਿੰਨਾ ਅਹਿਸਾਸ ਵੀ ਨਹੀਂ ਹੋਣਾ ਚਾਹੀਦਾ। ਜਿਵੇਂ ਹੀ ਤੁਸੀਂ ਬੁਢਾਪੇ ਦਾ ਅਹਿਸਾਸ ਕਰਨਾ ਸ਼ੁਰੂ ਕਰ ਦਿੰਦੇ ਹੋ ਉਦੋਂ ਹੀ ਤੁਹਾਡੇ ਹੱਥ ਪੈਰ ਢਿੱਲੇ ਹੋ ਜਾਂਦੇ ਹਨ। ਮਾਸਪੇਸ਼ੀਆਂ ਸੁੰਗੜ ਜਾਂਦੀਆਂ ਹਨ ਅਤੇ ਤੁਸੀਂ ਨਿਢਾਲ ਹੋ ਕੇ ਲੁੜਕ ਜਾਂਦੇ ਹੋ। ਤੁਹਾਡੀ ਇਸੇ ਕਮਜ਼ੋਰੀ ਦਾ ਲਾਭ ਉਠਾ ਕੇ ਹੀ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਤੁਹਾਡੇ ਉੱਤੇ ਹਮਲਾ ਕਰ ਦਿੰਦੀਆਂ ਹਨ ਅਤੇ ਤੁਸੀਂ ਮੰਜੇ ਨਾਲ ਮੰਜਾ ਹੋ ਜਾਂਦੇ ਹੋ।

ਬੁਢਾਪਾ ਸੋਚਣ ਨਾਲ ਆਉਂਦਾ ਹੈ। ਜੇਕਰ ਤੁਸੀਂ ਆਪਣੇ ਭੂਤਕਾਲ ਦੇ ਉਧੇੜ-ਬੁਣ ਵਿੱਚ ਨਹੀਂ ਪੈਂਦੇ, ਯਾਰਾਂ-ਦੋਸਤਾਂ, ਰਿਸ਼ਤੇਦਾਰਾਂ ਅਤੇ ਆਸ-ਪਾਸ ਦੇ ਲੋਕਾਂ ਨਾਲ ਮਾੜਾ ਵਤੀਰਾ ਨਹੀਂ ਕਰਦੇ, ਨਵੇਂ-ਨਵੇਂ ਕੰਮ ਕਰਨ ਤੋਂ ਜੀ ਨਹੀਂ ਚੁਰਾਉਂਦੇ ਤਾਂ ਬੁਢਾਪਾ ਤੁਹਾਡੇ ਨੇੜੇ ਫਟਕ ਵੀ ਨਹੀਂ ਸਕਦਾ। ਜਿਹੜੇ ਬੰਦੇ ਸਦਾ ਨਵੀਆਂ-ਨਵੀਆਂ ਗੱਲਾਂ ਸੋਚਦੇ ਰਹਿੰਦੇ ਹਨ, ਨਵੇਂ-ਨਵੇਂ ਕੰਮਾਂ ਵਿੱਚ ਹਰ ਵੇਲੇ ਦਿਲਚਸਪੀ ਰੱਖਦੇ ਹਨ, ਹਰ ਵੇਲੇ ਖ਼ੁਸ਼-ਖ਼ੁਸ਼ ਅਤੇ ਚੜ੍ਹਦੀ ਕਲਾ ਵਿੱਚ ਰਹਿੰਦੇ ਹਨ ਉਹ ਕਦੇ ਵੀ ਢਲਦੀ ਉਮਰ ਦੀ ਪ੍ਰਕਿਰਿਆ ਨੂੰ ਮਹਿਸੂਸ ਨਹੀਂ ਕਰਦੇ।

ਜਵਾਨੀ ਦਾ ਸੁਪਨਾ ਕਦੇ ਨਾ ਤੋੜੋ। ਉਹ ਸਾਰੇ ਆਦਰਸ਼ ਅਤੇ ਕਲਪਨਾਵਾਂ ਜੋ ਤੁਹਾਨੂੰ ਪ੍ਰੇਰਨਾ ਦਿੰਦੀਆਂ ਹਨ, ਉਹ ਹੀ ਜਵਾਨੀ ਦਾ ਭੇਦ ਹਨ। ਕਲਪਨਾਵਾਂ ਅਤੇ ਰੰਗੀਨੀਆਂ ਨੂੰ ਕਦੇ ਵੀ ਮੱਧਮ ਨਾ ਹੋਣ ਦੇਵੋ, ਬੁਢਾਪਾ ਤੁਹਾਨੂੰ ਕਦੇ ਨਹੀਂ ਸਤਾਏਗਾ।

ਬੁਢਾਪੇ ਦੀ ਭਾਵਨਾ ਸਾਡੇ ਸਰੀਰ ਦੇ ਪੋਸ਼ਕ ਤੱਤਾਂ ਨੂੰ ਆਪਣਾ ਕੰਮ ਨਹੀਂ ਕਰਨ ਦਿੰਦੀ। ਨਾਕਾਰਾਤਮਕ ਮਾਨਸਿਕਤਾ ਦੇ ਹੁੰਦਿਆਂ ਜੇਕਰ ਅਸੀਂ ਕਦੇ ਬਿਮਾਰ ਹੋ ਜਾਂਦੇ ਹਾਂ ਤਾਂ ਸਾਡਾ ਸਰੀਰ ਰੋਗਾਂ ਦਾ ਸਾਹਮਣਾ ਨਹੀਂ ਕਰ ਸਕਦਾ ਅਤੇ ਅਸੀਂ ਮੰਜਾ ਫੜ ਲੈਂਦੇ ਹਾਂ। ਚੰਗਾ ਭਲਾ ਆਦਮੀ ਵੀ ਆਪਣੇ ਭੈੜੇ ਸੁਪਨਿਆਂ ਕਰਕੇ ਬੇਕਾਰ ਹੋ ਜਾਂਦਾ ਹੈ। ਭਾਵਨਾਵਾਂ ਹੀ ਸਾਨੂੰ ਨਿਰਬਲ ਜਾਂ ਬਲਵਾਨ ਬਣਾ ਕੇ ਰੱਖਦੀਆਂ ਹਨ। ਜਿਸ ਬੰਦੇ ਨੂੰ ਉਮਰ ਦੀ ਕੋਈ ਚਿੰਤਾ ਹੀ ਨਾ ਹੋਵੇ, ਉਹ ਬੁੱਢਾ ਕਿਵੇਂ ਹੋ ਸਕਦਾ ਹੈ ?

ਗੂੜ੍ਹੀ ਨੀਂਦ ਸ਼ਾਂਤ ਅਤੇ ਸਹਿਜ ਦਿਮਾਗ਼ ਵਿੱਚ ਹੀ ਆਉਂਦੀ ਹੈ। ਜਦੋਂ ਤਕ ਦਿਮਾਗ਼ ਵਿੱਚ ਹਲਚਲ ਰਹਿੰਦੀ ਹੈ, ਨੀਂਦ ਆਉਂਦੀ ਹੀ ਨਹੀਂ। ਦਿਮਾਗ਼ ਵਿੱਚ ਸੁੰਦਰ ਸੁਖਦ ਵਿਚਾਰ ਹੋਣਗੇ ਤਾਂ ਦਿਮਾਗ਼ ਨੂੰ ਬੜਾ ਆਰਾਮ ਮਿਲਦਾ ਹੈ ਤੇ ਨੀਂਦ ਬੜੀ ਸਰਲਤਾ ਨਾਲ ਆ ਜਾਂਦੀ ਹੈ। ਇਸ ਲਈ ਚੰਗੀ ਨੀਂਦ ਲਈ ਮਨ ਇਕਦਮ ਹਲਕਾ ਰੱਖਣ ਦੀ ਲੋੜ ਹੈ।

ਮਨ ਦੀਆਂ ਭਾਵਨਾਵਾਂ ਆਦਮੀ ਨੂੰ ਮੌਤ ਦੇ ਆਖਰੀ ਛਿਣ ਤਕ ਜਵਾਨ ਬਣਾਈ ਰੱਖ ਸਕਦੀਆਂ ਹਨ। ਉਮਰ ਦ ਅਹਿਸਾਸ ਭੁੱਲ ਜਾਵੋ। ਕਦੇ ਵੀ ਆਪਣੀ ਉਮਰ ਨੂੰ ਨਾ ਜੋੜੋ। ਉਮਰ ਦਾ ਅਹਿਸਾਸ ਤੁਹਾਡੇ ਸਰੀਰ ਨੂੰ ਤੋੜਕੇ ਰੱਖ ਦਿੰਦਾ ਹੈ। ਇਸ ਵੱਲ ਕਦੇ ਧਿਆਨ ਹੀ ਨਾ ਦੇਵੋ। ਉਮਰ ਦਾ ਅਹਿਸਾਸ ਭੁੱਲ ਜਾਵੋਗੇ ਤਾਂ ਤੁਸੀਂ ਸਦਾ ਜਵਾਨ ਰਹੋਗੇ।

ਪ੍ਰੀਤ ਫੁਲਵਾੜੀ

ਪਿਆਰੀ ਮਾਂ

ਸੁਰਜੀਤ ਸਿੰਘ ਫਲੋਰਾ

ਪਿਆਰੀ ਮਾਂ,
ਮੈਂ ਤੇਰੇ ਸੰਘਰਸ਼ਾਂ ਨੂੰ ਨਹੀਂ ਜਾਣਦਾ,
ਮੈਂ ਤੇਰਾ ਦਰਦ ਨੂੰ ਨਹੀਂ ਜਾਣਦਾ,
ਫਿਰ ਵੀ ਤੂੰ ਮੇਰੀਆਂ ਮੁਸੀਬਤਾਂ ਦਾ ਖਿਆਲ ਰੱਖਿਆ,
ਅਤੇ ਮੈਨੂੰ ਮੀਂਹ ਹਨੇਰੀ ਤੋਂ ਬਚਾਇਆ।
ਪਿਆਰੀ ਮਾਂ,
ਮੈਨੂੰ ਪਿਆਰ ਦਾ ਮਤਲਬ ਨਹੀਂ ਪਤਾ,
ਪਤਾ ਨਹੀਂ ਪਿਆਰ ਕੀ ਦਿੰਦਾ ਹੈ,
ਪਰ ਮੈਂ ਜਾਣਦਾ ਹਾਂ ਕਿ ਪਿਆਰ ਕਿੱਥੇ ਹੈ.
ਇਹ ਤੁਹਾਡੇ ਅਤੇ ਮੇਰੇ ਵਿਚਕਾਰ ਹੈ।
ਤੇ ਤੁਹਾਡੇ ਕਰ-ਕਮਲਾ ਚਰਨਾਂ ਵਿਚ ਹੈ।
ਪਿਆਰੀ ਮਾਂ,
ਇਹ ਤੁਹਾਡੇ ਲਈ ਹੈ,
ਮੇਰੇ ਦਿਲ ਤੋਂ ਸੱਚੀ ਸ਼ਰਧਾਂਜਲੀ।
ਤੁਹਾਡਾ ਪਿਆਰ ਅਤੇ ਦੇਖਭਾਲ ਲਈ
ਇੱਕ ਨਿਰੰਤਰ ਅੰਮ੍ਰਿਤ ਪ੍ਰਵਾਹ ਲਈ
ਉਚੇ ਅਤੇ ਨੀਵੇ
ਟੇਢੇ ਅਤੇ ਮਾਰੂਥਲ ਰਸਤਿਆਂ ਤੇ ਚੱਲਣਾ ਸਿਖਾਉਣ ਲਈ,
ਇੱਕ ਮਾਰਗਦਰਸ਼ਕ ਬਨਣ ਲਈ
ਤੁਹਾਡੀ ਤਾਕਤ ਅਤੇ ਸਿਆਣਪ ਲਈ
ਉਮੀਦ ਦਾ ਇੱਕ ਸਰੋਤ,
ਜੀਵਨ ਦੇ ਤਿਲਕਣ ਢਲਾਣ ਸਮੈਂ
ਮੇਰੀ ਚੱਟਾਨ ਅਤੇ ਢਾਲ ਬਨਣ ਲਈ,
ਪਿਆਰੀ ਮਾਂ,
ਤੁਹਾਡੇ ਲਈ, ਮੈਂ ਇਹ ਆਇਤ ਲਿਖ ਰਿਹਾ ਹਾਂ,
ਤੁਹਾਡੇ ਲਈ ਮੇਰੇ ਵੱਲੋਂ ਇੱਕ ਤੋਹਫ਼ਾ।
ਇਹ ਤੁਹਾਡੇ ਲਈ ਖੁਸ਼ੀ ਲਿਆਵੇ,
ਅਤੇ ਤੁਹਾਡੇ ਦਿਲ ਨੂੰ ਨਵਾਂ ਬਣਾਵੇ।
ਪਿਆਰੀ ਮਾਂ,
ਪਰ ਤੁਸੀਂ ਮੇਰੇ ਲਈ ਹਮੇਸਾਂ ਸੁਆਰਥੀ ਬਣੇ,
ਪ੍ਰਮਾਤਮਾ ਨੇ ਇੱਕ ਅਜੂਬਾ ਬਣਾਇਆ ਹੈ
ਜਿਸ ਨੂੰ ਮੈਂ ਤੇ ਸਾਰਾ ਆਲਮ ਮਾਂ ਕਹਿ ਪੁਕਾਰਦਾ ਹੈ,
ਜਿਸ ਦਾ ਸ਼ਬਦਕੋਸ਼ ਵਿੱਚ ਧੰਨਵਾਦ ਕਰਨ ਲਈ
ਕੋਈ ਸ਼ਬਦ ਨਹੀਂ ਹੈ।
ਇਸ ਗਲੈਕਸੀ ਵਿੱਚ ਇੱਕ ਤੋਹਫ਼ੇ ਲਈ
ਬਹੁਤ ਸਤਿਕਾਰਿਆ ਜਾਂਦਾ ਹੈ
ਮੇਰੇ ਲਈ, ਤੁਸੀਂ ਇੱਕ ਜੀਵਤ ਪਰਮੇਸ਼ੁਰ ਹੋ
ਮੈਨੂੰ ਪਿਆਰ ਕਰਨ ਲਈ ਮਾਂ ਤੁਹਾਡਾ ਧੰਨਵਾਦ।
ਮਾਂ ਦਿਵਸ ਦੀਆਂ ਸਭ ਨੂੰ ਮੁਬਾਰਕਾ !

ਕਵਿਤਾ - ਕੁਝ

ਕੁਝ ਕਿਸਮਤ 'ਤੇ ਛੱਡ ਦੇ
ਤੇ ਕੁਝ ਕਰਮਾਂ 'ਤੇ
ਰੱਖੀਂ ਰੱਬ 'ਤੇ ਭਰੋਸਾ
ਹੋਵੇ ਕਿਸੇ ਨਾਲ ਨਾ ਰੋਸਾ ,
ਦੋ ਹੰਝੂ ਵਹਾ ਕੇ
ਗਮਾਂ ਨੂੰ ਭੁਲਾ ਜਾਈਂ
ਏਹ ਜ਼ਿੰਦਗਾਨੀ
ਮਾਨਵਤਾ ਲੇਖੇ ਲਾ ਜਾਈਂ
ਕਦੇ ਹੱਸ ਲਵੀਂ
ਤੇ ਕਦੇ ਰੋਅ ਲਵੀਂ
ਗਮਾਂ ਤੇ ਹੰਝੂਆਂ ਨਾਲ
ਆਪਣੇ ਦੁੱਖ ਧੋ ਲਵੀਂ
ਆਵੇਗੀ ਜਦੋਂ ਤੈਨੂੰ ਕਦੇ ਯਾਦ
ਧਰਮਾਣੀ ਦੀ
ਤੂੰ ਸ਼ੀਸ਼ੇ ਵਿੱਚ ਚਿਹਰਾ ਦੇਖ
ਰੋਅ ਲਵੀਂ
ਸਾਡੇ ਫੱਕਰਾਂ ਦੇ ਕਾਫਲੇ
ਚਲਦੇ ਰਹਿਣਗੇ
ਤੂੰ ਆਪਣੇ ਮਹਿਲ ਲੁਕੋ ਲਵੀਂ
ਗੁਨਾਹ ਕੀਤੇ ਹੋਣਗੇ ਅਸੀਂ ਵੀ ਬਹੁਤ
ਪਰ ਤੂੰ ਆਪਣੇ ਪਾਪ ਤਾਂ ਛੁਪਾ ਲਵੀਂ
ਕੁਝ ਹਾਸੇ
ਕੁਝ ਗਮ
ਕੁਝ ਧੋਖੇ
ਤੇ ਕੁਝ ਨਫਰਤਾਂ
ਏਹੋ ਮਿਲੀਆਂ
ਜਗ ਵਿੱਚੋਂ
ਤੂੰ ਇਨ੍ਹਾਂ
ਤਾਈਂ ਕੋਈ ਕਿਤਾਬ
ਛਪਾ ਲਈਂ...

ਮਾਸਟਰ ਸੰਜੀਵ ਧਰਮਾਣੀ

ਸ਼ਾਇਦ

ਕਈ ਫੁੱਲਾਂ 'ਚੋਂ
ਕੁਝ ਕੰਡਿਆਂ 'ਚੋਂ
ਭਾਲ਼ਦੇ ਨੇ ਜ਼ਿੰਦਗੀ
ਤੇ
ਕੁਝ ਜਿਉਣਾ ਹੀ
ਨਹੀਂ ਲੋਚਦੇ
ਮਰ ਜਾਣਾ ਚਾਹੁੰਦੇ ਨੇ ,
ਸਾਇਦ
ਖੁਦਕੁਸੀਆਂ ਨਾਲ਼
ਨਸ਼ਿ?ਆਂ ਨਾਲ਼
ਗਮਾਂ ਨਾਲ
ਅਸਮਾਜਿਕ ਕਾਰਿਆਂ ਨਾਲ਼
ਬੁਰਾਈ ਨਾਲ
ਪਤਾ ਨਹੀਂ ਕਿਉਂ ?
ਕੰਡਿਆਂ ਜਾਂ
ਫੁੱਲਾਂ ਸੰਗ ਦੋਸਤੀ
ਰੱਖ ਕੇ
ਜ਼ਿੰਦਗੀ ਕਿਉਂ ਨਹੀਂ
ਜਿਊਣਾ ਚਾਹੁੰਦੇ ,
ਕਿਉਂ ਮਰ ਜਾਣਾ
ਹੀ ਚਾਹੁੰਦੇ ਨੇ
ਕਿਉਂ ਫਾਨੀ ਸੰਸਾਰ ਤੋਂ
ਫਨਾਹ ਹੋਣਾ ਲੋਚਦੇ ਨੇ ,
ਸਾਇਦ
ਇਹ ਗਲਤ ਹੈ
ਪਰ ਕੁਝ ਨਹੀਂ ਸੋਚਦੇ
ਇਸ ਗਲਤ ਜਾਂ
ਠੀਕ ਦੇ ਵਰਤਾਰੇ ਨੂੰ ,
ਸਾਇਦ ਕਦੇ
ਸਮਝਣ ਵੀ ਨਾ ,
ਕਦੇ ਵੀ ਨਹੀਂ
ਸਾਇਦ !!!

ਮਾਸਟਰ ਸੰਜੀਵ ਧਰਮਾਣੀ
9478561356

ਕਵਿਤਾ

ਆਹ ਜਾਗਰਾ ਬਹਿ ਜਾਗਰਾ,
ਸੁਣ ਤੇ ਦਿਲ ਦੀ ਕਹਿ ਜਾਗਰਾ,
ਕਿਓਂ ਆਓਂਦਾ ਨਹੀਂ ਸੱਥ ਨੇੜੇ,
ਖੈਰ ਸੁੱਖ ਆ ਹੋਰ ਗਲੀ ਵਿਹੜੇ,
ਹਾਂ ਨਾਥਿਆ ਬੈਠ ਫਿਰ ਸੁਣਾਵਾਂ,
ਮੇਰੇ ਵੱਲੋਂ ਮੋੜੀਆਂ ਖੁਸ਼ੀਆਂ ਨੇ ਰਾਹਵਾਂ,
ਵੱਸਦੇ ਘਰ ਮੇਰੇ ਵਿੱਚ ਉਜਾੜ ਪਿਆ,
ਹੁਣ ਹਸਦੇ ਘਰ ਚ ਪਾੜ ਪਿਆ,
ਪੁੱਤ ਨਸ਼ੇੜੀ ਨਿੱਤ ਕੁੱਟੇ ਮਾਰੇ,,
ਅੱਧੀ ਰਾਤ ਨੂੰ ਘਰੋਂ ਕੱਢੇ ਬਾਹਰੇ,
ਮਾਂ ਆਪਣੀ ਦੇ ਗਹਿਣੇ ਵੇਚ ਕੇ,
ਚੁੱਕੇ ਨਾ ਕਦਮ ਸੋਚ ਤੇ ਵੇਖ ਕੇ,
ਨੂੰਹ ਮੇਰੀ ਦੀ ਵੀ ਰੁਲੀ ਜਵਾਨੀ,
ਮੱਛੀ ਵਾਂਗ ਤੜਫੇ ਧੀ ਬੇਗਾਨੀ,,
ਸਾਡੀ ਤਾਂ ਜਿੰਦਗੀ ਖਾਸ਼ ਨਹੀਂ,,
ਹੁਣ ਹੋਰ ਬਚਣ ਦੀ ਆਸ ਨਹੀਂ,
ਨਾਥਿਆ ਕਿਓਂ ਪਰੇ ਮੂੰਹ ਕਰਿਆ,
ਬੋਲ ਕਿਓਂ ਤੇਰਾ ਮਨ ਭਰਿਆ,
ਮੈਂ ਸੋਚਿਆ ਜਾਗਰਾ ਲੋਕ ਸੌਖਾਲੇ,
ਮੇਰੇ ਵੀ ਹਾਲ ਬਸ ਤੇਰੇ ਵਾਲੇ,
ਕੱਚਾ ਘੜਾ ਹੁਣ ਇਹ ਖੁਰ ਜਾਣਾ,
ਪਿੰਡ ਸ਼ੇਰੋਂ ਚੋਂ ਜਲਦੀ ਤੁਰ ਜਾਣਾ,,

ਮੱਖਣ ਸ਼ੇਰੋਂ ਵਾਲਾ
ਸੰਪਰਕ 98787-987263

ਸੋਹਣੀ ਧਰਤ

ਸਾਡੀ ਸੋਹਣੀ ਧਰਤ ਪੰਜਾਬ ਦੀ,
ਜਿੱਥੇ ਵਗਦਾ ਨਿਰਮਲ ਨੀਰ।
ਇੱਥੇ ਸੋਨੇ ਰੰਗੀਆਂ ਫਸਲਾਂ,
ਤੇ ਅੰਨ ਦੀ ਕਰਨ ਅਖੀਰ।
ਸੂਰਜ ਦੀ ਲਾਲੀ ਚਮਕਦੀ,
ਜਿਉਂ ਹੋਵੇ ਸੇਬ ਕਸਮੀਰ।
ਇੱਥੇ ਛੈਲ ਛਬੀਲੇ ਨੇ ਗੱਭਰੂ,
ਤੇ ਊਧਮ ਸਰਾਭੇ ਜਿਹੇ ਵੀਰ।
ਇੱਥੇ ਧੀਆਂ ਕਿਸੇ ਤੋਂ ਘੱਟ ਨਾ,
ਜੋ ਜਾਣ ਹਵਾਵਾਂ ਨੂੰ ਚੀਰ।
ਰੁੱਤਾਂ ਵਾਰੋ ਵਾਰੀ ਆਉਂਦੀਆਂ,
ਰੱਖਣ ਠੰਡੀ ਗਰਮ ਤਾਸੀਰ।
ਇੱਥੇ ਦਰਿਆ, ਪਹਾੜ, ਖੇਤ ਨੇ,
ਅੱਖਾਂ ਮੀਚ ਦਿਸੇ ਤਸਵੀਰ।
ਪੱਤੋ, ਇਹ ਟੋਟਾ ਹੈ ਸਵਰਗ ਦਾ,
ਜਿੱਥੇ ਰਹਿਮਤ ਰੱਖਣ ਫਕੀਰ।
ਮੈਂ ਸਦਕੇ ਜਾਵਾਂ ਇਸ ਧਰਤ ਦੇ,
ਜਿੱਥੇ ਵੱਸੇ ਵਾਰਸ ਦੀ ਹੀਰ।

ਹਰਪ੍ਰੀਤ ਪੱਤੋ ਪਿੰਡ ਪੱਤੋ
94658-21417

ਮਾਂ ਧਰਤੀ ਦੇ ਪਾਲੇ

ਜੰਗ ਹੋਵਣ ਸਹੀਦ ਸੂਰਮੇ ਪਿਆਰੇ,
ਮਾਂ ਦੇ ਜਾਏ ਧਰਤੀ ਮਾਂ ਸਾਡੀ ਦੇ ਦੁਲਾਰੇ।
ਦੁਨੀਆ ਭਰਪੂਰ ਰਾਤੋਂ ਰਾਤ ਸਿਤਾਰੇ,
ਜਿੰਦਗੀ ਨਸੀਬ ਜਿਊਣ ਧਰਤ ਦੇ ਸਹਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਜਲ੍ਹਿਆਂ ਵਾਲਾ ਬਾਗ ਧਰਤ ਸੀ ਖਿਲਾਰੇ,
ਅੱਖਾਂ ਵਿੱਚੋਂ ਲਹੂ ਲੁਹਾਣ ਵੇਖ ਊਧਮ ਨੇ ਤਾੜੇ।
ਉੱਠ ਹੱਲ ਹੋ ਸਕਦੈ ਜਿੰਦਗੀ ਖੌਫ ਦਾ,
ਦਿਲ ਦੱਬੀ ਆਵਾਜ ਹੇਠ ਗੋਰੇ ਬੇਰੰਗ ਸੀ ਮਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਜਿੰਦਗੀਆਂ ਦਾ ਲੁੱਟ ਖੋਹ ਸਰਕਾਰ ਭਾਰੇ,
ਗਰੀਬ ਘਰ ਦੁੱਖ ਹੋ ਕਿੱਥੋਂ ਜਿਊਣ ਵਿਚਾਰੇ।
ਦੋ ਵਕਤ ਮਿੱਸੀ ਰੋਟੀ ਚਾਦਰ ਵੇਖ ਪਛਾੜੇ,
ਮਿਹਨਤ ਖੇਤ ਜਾ ਕੀਤੀ ਮਾਂ ਧਰਤੀ ਦੇ ਸਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਪੰਜਾਬ ਹਰਿਆਣਾ ਆਸ ਕਰਿੰਦੀ ਕਿਸ ਥਾਂ,
ਕੁਝ ਧਰਤ ਜੰਮ ਕੁਝ ਦੇਸ ਤੋਂ ਬਾਹਰ ਦੇ ਗਦਾਰੇ।
ਪਾਣੀ ਦੀ ਖੋਹ ਨਾ ਨਸੀਬ ਪਾਣੀ ਧਰਤੀ ਮਾਂ,
ਕੀ ਹੈ ਹਿਸਾਬ ਕਿਤਾਬ ਦੇ ਚਾਰ ਪੰਨੇ ਤੱਕ ਪਾੜੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਜਦੋਂ ਸੰਸਾਰ ਦੇ ਬਾਗ ਧਰਤ ਨਾ ਜਿਊਂਦੇ,
ਕਾਰਨ ਜਿੰਦਗੀ ਦੇ ਰੋਗ ਖੁਦ ਨੇ ਗੁਨਾਹਗਾਰੇ।
ਖੇਤ ਜਮੀਨ ਵਾਰ ਦਵਾਂਗੇ ਮਾਂ ਧਰਤੀ ਜਾਨ,
ਸਰਕਾਰ ਫੈਸਲੇ ਕੁਝ ਕਵੇ ਗੌਰਵ ਇੱਥੋਂ ਨਾ ਹਾਰੇ।
ਇੱਕ ਥਾਂ ਰੱਬ ਰੂਪ ਦਿੱਖ ਹੋ ਸਕਦੈ,
ਜਿੱਥੇ ਢਿੱਡ ਭਰ ਜਮੀਨ ਮਾਂ ਧਰਤੀ ਦੇ ਪਾਲੇ।

ਗੌਰਵ ਧੀਮਾਨ
ਮੋ: ਨੰ: 7626818016

ਲੱਗਦਾ ਭਾਰਤ ਦੇਸ ਰਿਹਾ ਨਾ

ਲੱਗਦਾ ਭਾਰਤ ਦੇਸ ਰਿਹਾ ਨਾ ਹਾਮੀ ਤੀਆਂ ਦਾ।
ਬਣਦਾ ਨਾ ਕੋਈ ਰਾਖਾ ਦੁਨੀਆ ਵਿੱਚ ਧੀਆਂ ਦਾ।
ਚਿੜੀਆਂ ਮੁੱਖ ਚਿੜਾ ਰਹੀਆਂ ਭਾਰਤ ਦੀਆਂ ਧੀਆਂ ਦਾ।

ਹਿੰਦੂ ਮੁਸਲਿਮ ਸਿੱਖਾਂ ਨਾਨਕ ਸੋਚ ਭਲਾਈ ਆ,
ਚੁੱਕੀ ਅੱਤ ਬਲਾਤਕਾਰੀਆਂ ਜਣਨੀ ਖਾਈ ਆ ,
ਭਟਕ ਗਿਆ ਭਾਈਚਾਰਾ ਮੰਨਦਾ ਹੁਕਮ ਨਾ ਮੀਆਂ ਦਾ।
ਲੱਗਦਾ ਭਾਰਤ ਦੇਸ ਰਿਹਾ ਨਾ--------।

ਕੰਜਕਾਂ ਦੇਵੀ ਲੱਛਮੀ ਕਹਿ ਕੇ ਮਾਂ ਪੂਜਦੇ ਸੀ,
ਰੱਖੜੀ ਬੰਨ੍ਹ ਕੇ ਟਿੱਕੇ ਲਾਉਂਦੇ ਭਾਈਦੂਜ ਦੇ ਸੀ,
ਕੁੜੀਆਂ ਚਿੜੀਆਂ ਨਾਲ ਮਾਣ ਸੀ ਵਧਣਾ ਜੀਆਂ ਦਾ।
ਲੱਗਦਾ ਭਾਰਤ ਦੇਸ ਰਿਹਾ ਨਾ--------।

ਮਿਲਣਾ ਕੀ ਇਨਸਾਫ ਭ੍ਰਿਸਟਾਚਾਰ ਛਾਅ ਗਿਆ ਏ,
ਪੈਸਾ ਪੁੱਤ ਅਮੀਰ ਗਰੀਬ ਦੀ ਇੱਜਤ ਖਾ ਗਿਆ ਏ,
ਮੀਡੀਆ ਬਣਿਆ ਰਸਤਾ ' ਰਾਜਨ ' ਫਿਰਕੂ ਲੀਹਾਂ ਦਾ।
ਲੱਗਦਾ ਭਾਰਤ ਦੇਸ ਰਿਹਾ ਨਾ---------।
ਬਣਦਾ ਨਾ ਕੋਈ ਰਾਖਾ----------।

ਰਜਿੰਦਰ ਸਿੰਘ ਰਾਜਨ
9876184954

No body have time to watch TV Advertisement
No body have time to read Physical newspapers

It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com